# FARM AND SPICE

Open 7 Days a Week
8.30 am to 9.00 pm

## SPECIAL OFFERS: 27 OCT-2 NOV

Daily Specials on

ਪੱਤਾ ਗੋਬੀ
Cabbage
89¢ /lb

ਗਾਲਾ ਬੀ ਸੀ ਸੇਬ
Gala BC Apple
99¢ /lb

ਐਂਬ੍ਰੋਸੀਆ ਸੇਬ
Ambrosia BC Apple
99¢ /lb

ਹਰੇ ਪਿਆਜ
Green Onion
79¢ each

ਆਵੋਕਾਡੋ
Avocado
99¢ each

ਫੀਜ਼ੀ ਪੇਠਾ
Fizi Pumpkin
$1.49 /lb

ਮਿਰਚ
Chilli
Hot Long
$1.99 /lb

ਪੁਦੀਨਾ
Mint
99¢ each

ਲੈਟਿਸ ਹੈੱਡ
Lettuce Head
$1.99 each

ਮੈਂਗੋ ਪਲਪ
Guruji
Mango Pulp
850g
$3.99 each

ਹੀਰ ਵੇਸਣ
Heer Besan
4lb
$3.99 each

ਅਸ਼ੋਕਾ ਸਾਗ
Ashoka
Sarson Ka Saag
850g
$1.79 each

ਹੀਰ ਦਾਲਾਂ
## Heer Lentils
Moong Washed / Moong Whole/Chickpeas
Moth/Chana Dal/Red Split/Urad Whole/
4lb
$5.99 each

ਸਵਰਨ ਗੁੜ
Swarn
Pesi Gur
1kg
$3.99 each

ਚਿੰਗ ਨੂਡਲਜ਼
Ching
Assorted Noodles
240g
$1.99 each

ਅਖਰੋਟ
Walnuts
Bulk
$4.49 /lb

ਮੇਰੀ ਚਾਹ
Meri Chai
Tea Bags
216Bags
$6.99 each

ਇੰਡੀਆ ਐਟ ਹੋਮ ਚਾਵਲ
India at Home
Basmati Rice
8lb
$7.99 each

ਹੈਲੋ ਜੀ ਚਾਵਲ
Hello JI
Basmati Rice
8lb
$9.99 each

ਕ੍ਰਾਉਨ ਤੇਲ
Crown
Sunflower Oil
3 ltr
$12.99 each

HAPPY
KARWA CHAUTH

May the sight of full moon fill your heart with happiness

KARWA CHAUTH KIT

**#9546-9548 Scott Town Plaza 96 Ave Scott Road Surrey**
**# 09-10 12830 96 Ave. Surrey BC | Tel: 604 930 7742**
**# 103-104 14320 64 Ave. Surrey BC | Tel: 604 593 6323**

*while supply last

# ਭਾਰਤ ਵਿੱਚ ਅਮਰੀਕੀ ਮਨੁੱਖੀ ਅਧਿਕਾਰ ਸੰਗਠਨਾਂ ਦੇ ਐਕਸ ਅਕਾਊਂਟ ਉੱਪਰ ਲੱਗੀ ਰੋਕ

ਵਾਸਿੰਗਟਨ:ਮੋਦੀ ਸਰਕਾਰ ਨੇ ਨਾ ਸਿਰਫ਼ ਭਾਰਤ ਵਿੱਚ ਸੋਸ਼ਲ ਮੀਡੀਆ ਉਪਰ ਪਾਬੰਦੀਆਂ ਲਗਾਕੇ ਜਮਹੂਰੀਅਤ ਤੇ ਪ੍ਰੈਸ ਅਜ਼ਾਦੀ ਦਾ ਘਾਣ ਕੀਤਾ ਹੈ,ਉਥੇ ਹੁਣ ਵਿਦੇਸ਼ਾਂ ਵਿੱਚ ਕੰਮ ਕਰ ਰਹੀਆਂ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਸੋਸ਼ਲ ਮੀਡੀਆ ਹੈਂਡਲਾਂ ਨੂੰ ਵੀ ਨਿਸ਼ਾਨਾ ਬਣਾਇਆ ਹੈ। ਇਸਦੀ ਇੱਕ ਤਾਜ਼ਾ ਉਦਾਹਰਣ ਭਾਰਤ ਵਿੱਚ ਇੰਡੀਅਨ ਅਮਰੀਕਨ ਮੁਸਲਿਮ ਕੌਂਸਲ (ਆਈਏਐਮਸੀ) ਅਤੇ ਹਿੰਦੂਜ਼ ਫਾਰ ਹਿਊਮਨ ਰਾਈਟਸ (ਐਚ ਐਫ ਐਚ ਆਰ) ਦੇ ਐਕਸ ( ਟਵਿੱਟਰ) ਖਾਤਿਆਂ 'ਤੇ ਪਾਬੰਦੀ ਹੈ। ਐਕਸ ਨੇ ਭਾਰਤ ਸਰਕਾਰ ਦੀ ਕਾਨੂੰਨੀ ਮੰਗ ਦੇ ਆਧਾਰ 'ਤੇ ਅਜਿਹਾ ਕੀਤਾ ਹੈ। ਅਮਰੀਕਾ ਵਿਚ ਸਰਗਰਮ ਇਹ ਦੋਵੇਂ ਜਥੇਬੰਦੀਆਂ ਭਾਰਤ ਸਰਕਾਰ ਦੀਆਂ ਘੱਟ ਗਿਣਤੀਆਂ ਵਿਰੋਧੀ ਨੀਤੀਆਂ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ 'ਤੇ ਸਵਾਲ ਉਠਾਉਂਦੀਆਂ ਰਹੀਆਂ ਹਨ।

14 ਅਕਤੂਬਰ ਨੂੰ, ਆਈਏਐਮਸੀ ਅਤੇ ਐਚ ਐਫ ਐਚ ਆਰ ਨੂੰ ਪਤਾ ਲੱਗਾ ਕਿ ਭਾਰਤ ਵਿੱਚ ਉਹਨਾਂ ਦੇ ਐਕਸ ਅਕਾਊਂਟ ਭਾਰਤ ਸਰਕਾਰ ਦੀ "ਕਾਨੂੰਨੀ ਮੰਗ" ਦੇ ਕਾਰਣ ਫ੍ਰੀਜ਼ ਕਰ ਦਿੱਤੇ ਗਏ ਹਨ। ਮੁਅੱਤਲੀ ਦੇ ਦੋ ਦਿਨ ਬਾਅਦ, " ਬਹੁਤ ਸਾਰੇ ਔਨਲਾਈਨ ਫੋਰਮਾਂ ਨੂੰ ਸੈਂਸਰ ਕਰਨ ਲਈ ਭਾਰਤ ਸਰਕਾਰ ਦੇ ਵਿਆਪਕ ਅਤੇ ਸਖ਼ਤ ਸੂਚਨਾ ਤਕਨਾਲੋਜੀ ਐਕਟ 2000 ਦੀ ਵਰਤੋਂ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ।

ਮਨੁੱਖੀ ਅਧਿਕਾਰ ਸੰਗਠਨਾਂ ਨੇ ਐਕਸ ਦੀ ਇਸ ਕਾਰਵਾਈ ਨੂੰ ਲੋਕਤੰਤਰ ਦਾ ਅਪਮਾਨ ਕਰਾਰ ਦਿੱਤਾ ਹੈ। ਕਾਰਜਕਾਰੀ ਨਿਰਦੇਸ਼ਕ ਰਸ਼ੀਦ ਅਹਿਮਦ ਨੇ ਕਿਹਾ ਕਿ ਆਈਏਐਮਸੀ ਦਾ ਐਕਸ ਅਕਾਊਂਟ ਭਾਰਤੀ ਅਮਰੀਕੀ ਮੁਸਲਮਾਨਾਂ ਦੇ ਲਈ ਹਿੰਦੂ ਰਾਸ਼ਟਰਵਾਦ ਅਤੇ ਭਾਰਤ ਵਿਚ ਪੀੜਤ ਘਟਗਿਣਤੀ ਕੌਮਾਂ ਦੀਆਂ ਵਿਗੜਦੀਆਂ ਮਨੁੱਖੀ ਅਧਿਕਾਰ ਸਥਿਤੀਆਂ ਦੇ ਲਈ ਮਹਤਵਪੂਰਣ ਕਾਰਜ ਕਰਦਾ ਹੈ। ਐਕਸ ਦੇ ਕਾਰਜਕਾਰੀ ਐਲੋਨ ਮਸਕ ਅਮਰੀਕਾ ਸਥਿਤ ਸੰਗਠਨ ਨੂੰ ਰੋਕਣ ਲਈ ਮੋਦੀ ਦੀ ਤਾਨਾਸ਼ਾਹੀ ਸ਼ਾਸਨ ਨਾਲ ਮਿਲ ਕੇ ਕੰਮ ਕਰ ਰਿਹਾ ਹੈ।ਐਕਸ ਭਾਰਤ ਅਤੇ ਅਮਰੀਕਾ ਵਿੱਚ ਆਜ਼ਾਦੀ ਦੇ ਪ੍ਰਗਟਾਵੇ ਅਤੇ ਲੋਕਤੰਤਰ ਦੇ ਦਮਨ ਨੂੰ ਤੇਜ਼ ਕਰ ਰਿਹਾ ਹੈ।

ਆਈਏਐਮਸੀ ਅਤੇ ਐਚ ਐਫ ਐਚ ਆਰ ਦੇ ਖਾਤਿਆਂ ਨੂੰ ਮੁਅੱਤਲ ਕਰਨਾ ਉਸੇ ਫਾਸ਼ੀਵਾਦੀ ਤੇ ਜਮਹੂਰੀਅਤ ਵਿਰੋਧੀ ਰੁਝਾਨ ਦੀ ਲਗਾਤਾਰਤਾ ਹੈ ਜੋ ਭਾਰਤ ਵਿੱਚ ਜਾਰੀ ਹੈ। ਭਾਰਤ ਵਿੱਚ ਸਰਕਾਰ ਦੀ ਆਲੋਚਨਾ ਕਰਨ ਵਾਲੀਆਂ ਆਵਾਜ਼ਾਂ 'ਤੇ ਇੱਕ ਵੱਡੇ ਪੱਧਰ 'ਤੇ ਕਾਰਵਾਈ ਜਾਰੀ ਹੈ। ਨਿਊਜ਼ਕਲਿੱਕ ਖਿਲਾਫ ਅੱਤਵਾਦ ਨਾਲ ਸਬੰਧਿਤ ਧਾਰਾਵਾਂ ਅਤੇ ਮਸ਼ਹੂਰ ਨਾਵਲਕਾਰ ਅਰੁੰਧਤੀ ਰਾਏ ਵਿਰੁੱਧ ਮੁਕੱਦਮਾ ਚਲਾਉਣ ਦੀ ਇਜਾਜ਼ਤ ਦੇ ਤਹਿਤ ਹਾਲ ਹੀ ਵਿੱਚ ਕੀਤੀ ਗਈ ਕਾਰਵਾਈ ਇਸ ਦੀਆਂ ਫਾਸ਼ੀਵਾਦੀ ਉਦਾਹਰਣਾਂ ਹਨ।

ਆਈਏਐਮਸੀ ਨੇ ਐਕਸ ਤੋਂ ਮੰਗ ਕੀਤੀ ਹੈ ਕਿ ਭਾਰਤ ਵਿੱਚ ਉਸਦੇ ਖਾਤੇ ਤੱਕ ਪਹੁੰਚ ਤੁਰੰਤ ਬਹਾਲ ਕੀਤੀ ਜਾਵੇ। ਇਸ ਸੰਦਰਭ ਵਿੱਚ ਉਸ ਨੇ ਕੌਮਾਂਤਰੀ ਭਾਈਚਾਰੇ ਤੋਂ ਵੀ ਮਦਦ ਮੰਗੀ ਹੈ। ਖਾਤਾ ਫ੍ਰੀਜ਼ ਨੂੰ ਕਾਨੂੰਨੀ ਤੌਰ 'ਤੇ ਚੁਣੌਤੀ ਦੇਣ ਲਈ ਆਈਏਐਮਸੀ ਆਪਣੇ ਵਕੀਲਾਂ ਨਾਲ ਨਜ਼ਦੀਕੀ ਸੰਪਰਕ ਵਿੱਚ ਹੈ। ਇਸ ਵਿਚ ਕਿਹਾ ਗਿਆ ਹੈ ਕਿ ਇਹ ਭਾਰਤ ਵਿਚ ਘੱਟ ਗਿਣਤੀਆਂ, ਦਲਿਤਾਂ ਅਤੇ ਆਦਿਵਾਸੀਆਂ ਅਤੇ ਹੋਰ ਪੀੜਤ ਸਮੂਹਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਸਵਾਲ ਉਠਾਉਂਦਾ ਰਹੇਗਾ।

# ਚੀਨ ਤੇ ਭੂਟਾਨ ਸਰਹੱਦੀ ਮਸਲੇ ਛੇਤੀ ਹ.ਲ ਕਰਨਗੇ:ਭਾਰਤ ਲਈ ਖਤਰਾ



ਨਵੀਂ ਦਿੱਲੀ: ਚੀਨ ਦਾ ਕਹਿਣਾ ਹੈ ਕਿ ਉਹ ਭੂਟਾਨ ਦੇ ਨਾਲ ਚੱਲ ਰਹੀ ਸੀਮਾ ਵਾਰਤਾ ਨੂੰ "ਜਲਦੀ ਤੋਂ ਜਲਦੀ" ਪੂਰਾ ਕਰਨ ਅਤੇ ਹਿਮਾਲੀਅਨ ਰਾਜ ਨਾਲ ਪੂਰੇ ਕੂਟਨੀਤਕ ਸਬੰਧ ਸਥਾਪਤ ਕਰਨ ਲਈ ਤਿਆਰ ਹੈ। ਇਸ ਦਾ ਭਾਰਤ 'ਤੇ ਵੀ ਅਸਰ ਪੈਂਦਾ ਹੈ।ਭੂਟਾਨ ਦੇ ਵਿਦੇਸ਼ ਮੰਤਰੀ ਟਾਂਡੀ ਦੋਰਜੀ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨਾਲ ਗੱਲਬਾਤ ਕਰਨ ਲਈ ਬੀਜਿੰਗ ਵਿੱਚ ਸਨ।"ਸੀਮਾ ਵਾਰਤਾ ਦਾ ਸਿੱਟਾ ਅਤੇ ਚੀਨ ਅਤੇ ਭੂਟਾਨ ਵਿਚਕਾਰ ਕੂਟਨੀਤਕ ਸਬੰਧਾਂ ਦੀ ਸਥਾਪਨਾ ਪੂਰੀ ਤਰ੍ਹਾਂ ਭੂਟਾਨ ਦੇਸ਼ ਦੇ ਲੰਬੇ ਸਮੇਂ ਅਤੇ ਬੁਨਿਆਦੀ ਹਿੱਤਾਂ ਦੀ ਪੂਰਤੀ ਕਰਦੀ ਹੈ।ਚੀਨੀ ਵਿਦੇਸ਼ ਮੰਤਰਾਲੇ ਦੁਆਰਾ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ। ਜਿਨ੍ਹਾਂ 14 ਦੇਸ਼ਾਂ ਨਾਲ ਚੀਨ ਦੀਆਂ ਸਰਹੱਦਾਂ ਸਾਂਝੀਆਂ ਹਨ, ਉਨ੍ਹਾਂ ਵਿੱਚੋਂ 12 ਦੇਸ਼ਾਂ ਨੇ ਆਪਣੀਆਂ ਸਰਹੱਦਾਂ ਦਾ ਨਿਪਟਾਰਾ ਕਰ ਲਿਆ ਹੈ। ਭੂਟਾਨ ਅਤੇ ਭਾਰਤ ਹੀ ਦੋ ਅਜਿਹੇ ਦੇਸ਼ ਹਨ ਜਿਨ੍ਹਾਂ ਨਾਲ ਸਰਹੱਦੀ ਵਿਵਾਦ ਅਜੇ ਵੀ ਬਰਕਰਾਰ ਹਨ।ਵਾਂਗ ਯੀ ਨੇ ਆਪਣੇ ਭੂਟਾਨੀ ਹਮਰੁਤਬਾ ਨੂੰ ਕਿਹਾ, "ਚੀਨ ਹਮੇਸ਼ਾ ਆਪਣੀ ਸਮੁੱਚੀ ਕੂਟਨੀਤੀ ਵਿੱਚ ਗੁਆਂਢੀ ਕੂਟਨੀਤੀ ਨੂੰ ਤਰਜੀਹ ਦਿੰਦਾ ਹੈ ਅਤੇ ਇਸ ਸਿਧਾਂਤ ਦੀ ਪਾਲਣਾ ਕਰਦਾ ਹੈ ਕਿ ਸਾਰੇ ਦੇਸ਼, ਵੱਡੇ ਜਾਂ ਛੋਟੇ, ਬਰਾਬਰ ਹਨ। ਚੀਨ ਸਾਰੇ ਦੇਸ਼ਾਂ ਦੀ ਪ੍ਰਭੂਸੱਤਾ, ਸੁਤੰਤਰਤਾ ਅਤੇ ਖੇਤਰੀ ਅਖੰਡਤਾ ਅਤੇ ਛੋਟੇ ਅਤੇ ਦਰਮਿਆਨੇ ਆਕਾਰ ਦੇ ਦੇਸ਼ਾਂ ਦੀਆਂ ਜਾਇਜ਼ ਇੱਛਾਵਾਂ ਅਤੇ ਚਿੰਤਾਵਾਂ ਦਾ ਸਨਮਾਨ ਕਰਦਾ ਹੈ।ਭਾਰਤ ਰਣਨੀਤਕ ਤੌਰ ਤੇ ਡੋਕਲਾਮ ਪਠਾਰ ਨੂੰ ਭੂਟਾਨ ਦਾ ਨਿਰਵਿਵਾਦ ਖੇਤਰ ਮੰਨਦਾ ਹੈ, ਜਦਕਿ ਚੀਨ ਇਸ ਖੇਤਰ 'ਤੇ ਆਪਣਾ ਦਾਅਵਾ ਕਰਦਾ ਹੈ।ਜੇ ਡੋਕਲਾਮ ਚੀਨ ਦੇ ਹੱਥ ਚਲਾ ਜਾਂਦਾ ਹੈ ਤਾਂ ਭਾਰਤ ਲਈ ਵੱਡਾ ਜੋਖਮ ਪੈਦਾ ਹੋ ਸਕਦਾ ਹੈ।

## ਲਾਈਫ਼ ਅਤੇ ਮੌਤ ਸਰਟੀਫਿਕੇਟ ਸੇਵਾਵਾਂ ਲਈ ਭਾਰਤੀ ਸਫਾਰਤਖਾਨਾ ਦੇ ਅਧਿਕਾਰੀ 12 ਨਵੰਬਰ ਨੂੰ ਪਹੁੰਚਣਗੇ ਐਬਟਸਫੋਰਡ

### *ਪਾਸਪੋਰਟ ਸੰਬੰਧੀ ਵੀ ਲੈਣਗੇ ਨਵੀਆਂ ਅਰਜ਼ੀਆਂ*

ਐਬਟਸਫੋਰਡ-(ਬਰਾੜ-ਭਗਤਾ ਭਾਈ ਕਾ) ਭਾਰਤ ਤੋਂ ਕੈਨੇਡਾ ਆ ਕੇ ਵਸੇ ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋਏ ਅਧਿਕਾਰੀਆਂ ਲਈ ਲਾਈਫ਼ ਅਤੇ ਮੌਤ ਸਰਟੀਫਿਕੇਟ ਤੋਂ ਇਲਾਵਾ ਭਾਰਤੀ ਪਾਸਪੋਰਟ ਅਤੇ ਪੀ ਆਰ ਕਾਰਡ ਨਵਿਆਉਣ ਸੰਬੰਧੀ ਸੇਵਾਵਾਂ ਲਈ ਵੈਨਕੂਵਰ ਤੋਂ ਭਾਰਤੀ ਸਫ਼ਾਰਤਖ਼ਾਨੇ ਦੇ ਅਧਿਕਾਰੀ ਗੁਰਦੁਆਰਾ ਸਾਹਿਬ ਖ਼ਾਲਸਾ ਦੀਵਾਨ ਸੋਸਾਇਟੀ ਐਬਟਸਫੋਰਡ ਵਿਖੇ 12 ਨਵੰਬਰ ਦਿਨ ਐਤਵਾਰ ਨੂੰ ਪਹੁੰਚ ਰਹੇ ਹਨ। ਇਸ ਸਮੇਂ ਅਧਿਕਾਰੀ ਇਨ੍ਹਾਂ ਸੇਵਾਵਾਂ ਸੰਬੰਧੀ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਦਫ਼ਤਰ ਲਾਉਣਗੇ। ਟੋਕਨ ਮੌਕੇ 'ਤੇ ਹੀ ਦਿੱਤੇ ਜਾਣਗੇ ਅਤੇ ਟੋਕਨ ਅਨੁਸਾਰ ਹੀ ਵਾਰੀ ਮਿਲੇਗੀ। ਜਿਕਰਯੋਗ ਹੈ ਕਿ ਪਾਸਪੋਰਟ ਅਤੇ ਪੀ ਆਰ ਕਾਰਡ ਨਵਿਆਉਣ ਲਈ ਇਸ ਦਿਨ ਸਿਰਫ ਅਰਜ਼ੀਆਂ ਅਤੇ ਫੀਸ ਹੀ ਲਈ ਜਾਵੇਗੀ ਜਦੋਂ ਕਿ ਪਾਸਪੋਰਟ ਅਤੇ ਪੀ ਆਰ ਕਾਰਡ ਕੋਰੀਅਰ ਰਾਹੀਂ ਸੰਬੰਧਤ ਘਰ ਦੇ ਪਤੇ 'ਤੇ ਭੇਜੇ ਜਾਣਗੇ। ਅਪਾਹਜ ਅਤੇ ਵੀਲ ਚੇਅਰ ਵਿਅਕਤੀਆਂ ਨੂੰ ਪਹਿਲ ਦੇ ਅਧਾਰਤ ਲਿਆ ਜਾਵੇਗਾ ਅਤੇ 80 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਲਈ ਵਾਰੀ ਉਸ ਤੋਂ ਬਾਅਦ ਸਮਝੀ ਜਾਵੇਗੀ ਜਦੋਂ ਕਿ ਬਾਕੀਆਂ ਲਈ ਬਰਾਬਰਤਾ ਹੋਵੇਗੀ। ਕਿਸੇ ਮੋਹਤਬਰ ਵਿਆਕਤੀ ਜਾਂ ਗੁਰਦੁਆਰਾ ਸਾਹਿਬ ਦੀ ਕਮੇਟੀ ਦੇ ਕਿਸੇ ਅਹੁਦੇਦਾਰ ਜਾਂ ਮੈਂਬਰ ਵੱਲੋਂ ਕਿਸੇ ਦੀ ਕੋਈ ਸਿਫਾਰਸ਼ ਨਹੀਂ ਕੀਤੀ ਜਾਵੇਗੀ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਨਿਮਰਤਾ ਸਹਿਤ ਬੇਨਤੀ ਹੈ ਕਿ ਕਿਸੇ ਪ੍ਰਬੰਧਕ ਜਾਂ ਕਿਸੇ ਮੈਂਬਰ ਤੱਕ ਸ਼ਿਫਾਰਸ਼ ਲਈ ਪਹੁੰਚ ਨਾ ਕੀਤੀ ਜਾਵੇ। ਸਰਟੀਫਿਕੇਟ ਲਈ ਫਾਰਮ ਗੁਰਦੁਆਰਾ ਸਾਹਿਬ ਤੋਂ ਵੀ ਮਿਲ ਸਕਣਗੇ ਜਦੋਂ ਕਿ ਇਹ ਫਾਰਮ ਆਨ ਲਾਈਨ ਤੋਂ ਵੀ ਪ੍ਰਾਪਤ ਕੀਤੇ ਜਾ ਸਕਦੇ ਹਨ।










# ਭਾਈ ਅੰਮ੍ਰਿਤਪਾਲ ਸਿੰਘ ਜੇਲ੍ਹ ਵਿੱਚ ਤੇ ਧੀਰੇਂਦਰ ਸ਼ਾਸਤਰੀ ਬਾਹਰ ਕਿਉਂ?

ਭਾਰਤ ਦਾ ਸੰਵਿਧਾਨ ਅਤੇ ਕਾਨੂੰਨ ਹਰ ਭਾਰਤੀ ਨੂੰ ਇੱਕ ਜਿਹੇ ਅਧਿਕਾਰ ਦਿੰਦਾ ਹੈ। ਪ੍ਰੰਤੂ ਇਸ ਭਾਰਤ ਦੇ ਸਾਸ਼ਕ ਘੱਟਗਿਣਤੀਆਂ ਅਤੇ ਦਲਿਤਾਂ ਨਾਲ ਹਮੇਸ਼ਾਂ ਵਿਤਕਰੇ ਅਤੇ ਧੱਕੇਸ਼ਾਹੀਆਂ ਕਰਦੇ ਹਨ। ਅਖੌਤੀ ਭਾਰਤੀ ਬਹੁਗਿਣਤੀ ਆਪਣੇ ਹਮਾਇਤੀਆਂ ਵਾਸਤੇ ਹੋਰ ਨਜ਼ਰੀਆ ਰੱਖਦੀ ਹੈ ਅਤੇ ਦੂਜਿਆਂ ਧਿਰਾਂ ਵਾਸਤੇ ਇੱਕ ਵੱਖਰੀ ਸੋਚ ਹੈ। ਪਾਠਕਾਂ ਨੂੰ ਯਾਦ ਹੋਵੇਗਾ ਕਿ ਅਮ੍ਰਿਤਪਾਲ ਸਿੰਘ ਨੇ ਸਿੱਖ ਰਾਸ਼ਟਰ ਦੀ ਗੱਲ ਕੀਤੀ ਤਾਂ ਉਸ ਨੂੰ ਕੇਂਦਰ ਦੀ ਸਰਕਾਰ, ਕੇਂਦਰੀ ਏਜੰਸੀਆਂ ਅਤੇ ਪੰਜਾਬ ਸਰਕਾਰ ਨੇ ਸਾਂਝੀ ਕਾਰਵਾਈ ਕਰਦਿਆਂ, ਅਮ੍ਰਿਤਪਾਲ ਸਿੰਘ ਅਤੇ ਉਸ ਦੇ ਕਈ ਸਾਥੀਆਂ ਨੂੰ ਐਨ.ਐਸ.ਏ. ਅਧੀਨ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਡਿਬਰੂਗੜ੍ਹ (ਅਸਾਮ) ਦੀ ਜੇਲ੍ਹ ਵਿੱਚ ਨਜ਼ਰਬੰਦ ਕਰ ਦਿੱਤਾ ਹੈ। ਜਦੋਂ ਕਿ ਕਾਨੂੰਨ ਦੀ ਸਮਝ ਰੱਖਣ ਵਾਲਿਆਂ ਅਤੇ ਮਨੁੱਖੀ ਅਧਿਕਾਰਾਂ ਵਾਸਤੇ ਕੰਮ ਕਰਨ ਵਾਲੀਆਂ ਜਥੇਬੰਦੀਆਂ ਨੇ ਇਸ ਨਜ਼ਰਬੰਦੀ ਨੂੰ ਗੈਰ ਕਾਨੂੰਨੀ ਦੱਸਿਆ ਹੈ ਅਤੇ ਇਹ ਵੀ ਕਿਹਾ ਹੈ ਕਿ ਇਹ ਕੋਈ ਜੁਰਮ ਨਹੀਂ ਬਣਦਾ ? ਪ੍ਰੰਤੂ ਸਰਕਾਰ ਜਾਂ ਏਜੰਸੀਆਂ ਇਸ ਨੂੰ ਸੰਗੀਨ ਜ਼ੁਰਮ ਅਤੇ ਅਮ੍ਰਿਤਪਾਲ ਸਿੰਘ ਨੂੰ ਸੰਗੀਨ ਅਪਰਾਧੀ ਦੱਸ ਰਹੀਆਂ ਹਨ ਅਤੇ ਉਸ ਦੀ ਨਿੱਜੀ ਅਤੇ ਉਸਦੇ ਸਾਥੀਆਂ ਦੀ ਨਜ਼ਰਬੰਦੀ ਨੂੰ ਜਾਇਜ਼ ਦੱਸਿਆ ਜਾ ਰਿਹਾ ਹੈ।

ਚੱਲ ਜੋ ਸਰਕਾਰ ਜਾਂ ਏਜੰਸੀਆਂ ਦੇ ਪੱਖ ਨੂੰ ਦੋ ਘੜੀ ਸਹੀ ਵੀ ਮੰਨ ਲਿਆ ਜਾਵੇ ਤਾਂ ਫਿਰ ਸਵਾਲ ਇਹ ਹੈ ਕਿ ਕਾਨੂੰਨ ਤਾਂ ਸਭ ਵਾਸਤੇ ਬਰਾਬਰ ਹੈ? ਜੇ ਅਮ੍ਰਿਤਪਾਲ ਸਿੰਘ ਸਿੱਖ ਰਾਸ਼ਟਰ ਦੀ ਗੱਲ ਕਰਨ ਕਰਕੇ ਅਪਰਾਧੀ ਹੈ ਤਾਂ ਫਿਰ ਪੰਡਿਤ ਧੀਰੇਂਦਰ ਸ਼ਾਸਤਰੀ ਜਿਹੜਾ ਕਿ ਅੱਜਕੱਲ ਬਗੇਸ਼ਵਰੀ ਬਾਬਾ ਦੇ ਨਾਮ ਨਾਲ ਬਹੁਤ ਮਸ਼ਹੂਰ ਹੈ ਅਤੇ ਠੋਕ ਵਜਾਕੇ ਹਿੰਦੂ ਰਾਸ਼ਟਰ ਦੀ ਗੱਲ ਕਰ ਰਿਹਾ ਹੈ,ਅਜਿਹਾ ਕੁੱਝ ਤਾਂ ਫਿਰ ਬਗੇਸ਼ਵਰੀ ਬਾਬਾ ਨੂੰ ਵੀ ਮੁਜ਼ਰਿਮ ਬਣਾਉਂਦਾ ਹੈ ? ਫਿਰ ਬਗੇਸ਼ਵਰੀ ਬਾਬਾ ਦੇ ਖਿਲਾਫ ਕੇਂਦਰ ਦੀ ਸਰਕਾਰ,ਏਜੰਸੀਆਂ ਜਾਂ ਪੰਜਾਬ ਸਰਕਾਰ ਨੇ ਅਮ੍ਰਿਤਪਾਲ ਸਿੰਘ ਦੀ ਤਰਜ਼ ਉੱਤੇ ਐਕਸ਼ਨ ਕਿਉਂ ਨਹੀਂ ਲਿਆ? ਪਾਠਕਾਂ ਨੂੰ ਪਤਾ ਹੈ ਕਿ ਕੁਝ ਦਿਨ ਪਹਿਲਾਂ ਧੀਰੇਂਦਰ ਸ਼ਾਸਤਰੀ ਪੰਜਾਬ ਆਇਆ ਅਤੇ ਪੀਲੇ ਰੰਗ ਦੀ ਦਸਤਾਰ ਸਜਾਕੇ ਦਰਬਾਰ ਸਾਹਿਬ ਪਹੁੰਚਿਆ। ਜਿੱਥੇ ਉਸ ਨੇ ਆਪਣੇ ਹਾਵਭਾਵ ਪ੍ਰਗਟ ਕਰਦਿਆਂ,ਸਿੱਖਾਂ ਅਤੇ ਗੁਰੂ ਸਾਹਿਬ ਨੂੰ ਵਡਿਆਇਆ। ਪ੍ਰੰਤੂ ਬੜੇ ਹੀ ਸਾਜ਼ਿਸ਼ੀ ਲਹਿਜ਼ੇ ਵਿੱਚ ਪ੍ਰੰਤੂ ਜਿਉਂ ਹੀ ਧੀਰੇਂਦਰ ਸ਼ਾਸਤਰੀ ਦੁਰਗਿਆਣਾ ਮੰਦਿਰ ਪਹੁੰਚਿਆ ਤਾਂ ਉੱਥੇ ਜਾਕੇ ਉਸ ਨੇ ਆਪਣੇ ਸੁਰ ਬਦਲ ਲਏ ਅਤੇ ਖੁੱਲ੍ਹਕੇ ਹਿੰਦੂ ਰਾਸ਼ਟਰ ਦੀ ਗੱਲ ਕੀਤੀ। ਜਦੋਂ ਕਿ ਧੀਰੇਂਦਰ ਸ਼ਾਸਤਰੀ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਪੰਜਾਬ ਹੀ ਇੱਕ ਅਜਿਹਾ ਧਰਤੀ ਦਾ ਟੁਕੜਾ ਹੈ,ਜਿੱਥੇ ਸਿੱਖਾਂ ਦੀ ਬਹੁਗਿਣਤੀ ਵੱਸਦੀ ਹੈ ਅਤੇ ਇਸ ਦਾ ਵੱਡਾ ਹਿੱਸਾ ਕਿਸੇ ਵੇਲੇ ਕਸ਼ਮੀਰ ਤਿੱਬਤ ਤੱਕ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਦਾ ਹਿੱਸਾ ਸੀ। ਕਦੇ ਕੁੱਝ ਇਲਾਕਾ ਬਾਬਾ ਬੰਦਾ ਸਿੰਘ



ਦੀ ਅਗਵਾਈ ਵਾਲੀ ਸਿੱਖ ਬਾਦਸ਼ਾਹਤ ਦੇ ਅਧੀਨ ਸੀ ਅਤੇ ਬਾਕੀ ਦੇ ਪੰਜਾਬ ਹਰਿਆਣਾ ਦੇ ਇਲਾਕੇ ਸਿੱਖ ਰਿਆਸਤਾਂ ਸਨ। ਸਿੱਖਾਂ ਕੋਲ ਇਹ ਹੀ ਇੱਕ ਧਰਤੀ ਹੈ।ਜਿੱਥੇ ਉਹ ਆਪਣੀ ਹੋਂਦ ਨੂੰ ਸੁਰੱਖਿਅਤ ਮੰਨਦੇ ਹਨ।ਪ੍ਰੰਤੂ ਅਜਿਹੇ ਇਲਾਕੇ ਵਿੱਚ ਆਕੇ ਹਿੰਦੂ ਰਾਸ਼ਟਰ ਦਾ ਰਾਗ ਅਲਾਪਣਾ ਵੀ ਤਾਂ ਇੱਕ ਬਹੁਤ ਵੱਡਾ ਦੋਸ਼ ਹੈ।ਇਸ ਨਾਲ ਕਰੋੜਾਂ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ।ਕੱਟੜਵਾਦੀ ਹਿੰਦੂਤਵ ਬਹੁਤ ਲੰਮੇਂ ਸਮੇਂ ਤੋਂ ਅਜਿਹੀਆਂ ਕਾਰਸਤਾਨੀਆਂ ਕਰਦਾ ਆ ਰਿਹਾ ਹੈ।

ਕਿਸੇ ਵੇਲੇ ਆਰੀਆ ਸਮਾਜੀ ਦਇਆ ਨੰਦ ਸਰਸਵਤੀ ਨੇ ਵੀ ਪੰਜਾਬ ਆਕੇ ਕੁੱਝ ਇਸ ਤਰ੍ਹਾਂ ਦਾ ਪ੍ਰਚਾਰ ਕੀਤਾ ਸੀ।ਬੇਸ਼ੱਕ ਉਸ ਵੇਲੇ ਗਿਆਨੀ ਦਿੱਤ ਸਿੰਘ ਵਰਗੀ ਪੰਥਕ ਰੂਹ ਨੇ ਮੌਕੇ ਤੇ ਹੀ ਮੂੰਹ ਤੋੜ ਜਵਾਬ ਦੇਕੇ, ਉਸ ਨੂੰ ਭੱਜਣ ਵਾਸਤੇ ਮਜ਼ਬੂਰ ਕਰ ਦਿੱਤਾ ਅਤੇ ਮੁੜ੍ਹਕੇ ਸਵਾਮੀ ਦਇਆ ਨੰਦ ਨੇ ਕਦੇ ਪੰਜਾਬ ਵੱਲ ਮੂੰਹ ਨਹੀਂ ਕੀਤਾ ਸੀ। ਪ੍ਰੰਤੂ ਉਸ ਦੀਆਂ ਆਖੀਆਂ ਗੱਲਾਂ ਜਾਂ ਸਿੱਧੇ ਲਫ਼ਜ਼ਾਂ ਵਿੱਚ ਕਿ ਉਸ ਵੱਲੋਂ ਬੀਜੇ ਕੰਡੇ ਅੱਜ ਤੱਕ ਸਿੱਖਾਂ ਨੂੰ ਚੁੱਭ ਰਹੇ ਹਨ ? ਪ੍ਰੰਤੂ ਅੱਜ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਦਇਆ ਨੰਦ ਆਰੀਆ ਤਾਂ ਧੀਰੇਂਦਰ ਸ਼ਾਸਤਰੀ ਦੇ ਰੂਪ ਵਿੱਚ ਫਿਰ ਆ ਗਿਆ ਹੈ? ਪ੍ਰੰਤ ਗਿਆਨੀ ਦਿੱਤ ਸਿੰਘ ਕਿਧਰੇ ਨਜ਼ਰ ਨਹੀਂ ਆ ਰਹੇ। ਜਿਹੜੇ ਅਜਿਹੇ ਲੋਕਾਂ ਨੂੰ ਦਲੀਲ ਅਤੇ ਤਰਕ ਦੇ ਅਧਾਰ ਤੇ ਜਵਾਬ ਦੇਕੇ ਲਾ ਜਵਾਬ ਕਰਨ ਦੀ ਮੁਹਾਰਤ ਰੱਖਦੇ ਹੋਣ ਸਿੱਖਾਂ ਨਾਲੋਂ ਤਾਂ ਈਸਾਈ ਭਾਈਚਾਰਾ ਹੀ ਚੰਗਾ ਰਿਹਾ। ਜਿਹਨਾਂ ਨੇ ਧੀਰੇਂਦਰ ਸ਼ਾਸਤਰੀ ਬਗੇਸ਼ਵਰੀ ਬਾਬਾ ਦੇ ਖਿਲਾਫ ਪੁਲਿਸ ਪ੍ਰਸ਼ਾਸ਼ਨ ਕੋਲ ਅਰਜ਼ੀ ਦੇਕੇ ਉਸ ਉੱਤੇ ਮੁਕੱਦਮਾਂ ਦਰਜ਼ ਕਰਨ ਦੀ ਮੰਗ ਕੀਤੀ ਹੈ। ਪ੍ਰੰਤੂ ਸਿੱਖ ਪੰਥ ਦੀਆਂ ਸੰਸਥਾਵਾਂ ਨੂੰ ਵੀ ਇਸ ਪਾਸੇ ਵੱਲ ਧਿਆਨ ਕਰਨਾ ਚਾਹੀਦਾ ਹੈ। ਬੇਸ਼ੱਕ ਅਸੀਂ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਕਿਸੇ ਵੀ ਧਰਮ ਦੇ ਬੰਦੇ ਨੂੰ ਮਨ੍ਹਾਂ ਨਹੀਂ ਕਰਦੇ ਅਤੇ ਉੱਥੇ ਆਉਣ ਵਾਲਿਆਂ ਨੂੰ ਇੱਕ ਜਿਹਾ ਸਤਿਕਾਰ ਦਿੱਤਾ ਜਾਂਦਾ ਹੈ ਅਤੇ ਦੇਣਾ ਵੀ ਚਾਹੀਦਾ ਹੈ। ਪ੍ਰੰਤੂ ਨਾਲ ਨਾਲ ਸਾਨੂੰ ਸਾਡੀ ਕੌਮੀਅਤ ਬਾਰੇ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਕੋਈ ਸਾਡੇ ਘਰ ਆਕੇ ਸਾਡੇ ਵੱਖਰੇ ਸੱਭਿਆਚਾਰ, ਨਿਰਾਲੀ ਪਛਾਣ ਵਿਲੱਖਣ ਬੋਲੀ ਅਤੇ ਧਰਮ ਨੂੰ ਮਿਟਾਉਣ ਵਾਸਤੇ, ਆਪਣੇ ਧਰਮ ਦੇ ਨਾਮ ਤੇ ਰਾਸ਼ਟਰ ਬਣਾਉਣ ਦੀ ਗੱਲ ਜ਼ਬਰੀ ਸਾਡੇ ਉੱਤੇ ਠੋਸਣ ਦਾ ਯਤਨ ਕਿਉਂ ਕਰੇ? ਜੇ ਹੋਰ ਕਿਸੇ ਨੂੰ ਆਪਣੇ ਧਰਮ ਦੀ ਗੱਲ ਕਰਨ ਜਾਂ ਆਪਣੇ ਰਾਸ਼ਟਰ ਦੀ ਗੱਲ ਕਰਨ ਦਾ ਅਧਿਕਾਰ ਨਹੀਂ ਤਾਂ ਧੀਰੇਂਦਰ ਸ਼ਾਸਤਰੀ ਨੂੰ ਕਿਉਂ ਹੈ? ਇਸ ਸਬੰਧੀ ਅਕਾਲ ਤਖਤ ਸਾਹਿਬ ਦੇ ਜਥੇਦਾਰ, ਮੁਤਵਾਜ਼ੀ ਜਥੇਦਾਰ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਸਿੱਖ ਸੰਪਰਦਾਵਾਂ ਅਤੇ ਸਿੱਖ ਸਿਆਸੀ ਆਗੂਆਂ ਨੂੰ ਨੋਟਿਸ ਲੈਣਾ ਚਾਹੀਦਾ ਹੈ। ਸਾਰਿਆਂ ਨੂੰ ਇੱਕ ਆਵਾਜ਼ ਹੋਕੇ ਧੀਰੇਂਦਰ ਸ਼ਾਸਤਰੀ ਦਾ ਵਿਰੋਧ ਹੀ ਨਹੀਂ ਕਰਨਾ ਚਾਹੀਦਾ, ਸਗੋਂ ਸਰਕਾਰ ਅਤੇ ਪ੍ਰਸ਼ਾਸ਼ਨ ਕੋਲ ਪਹੁੰਚ ਕਰਨੀ ਚਾਹੀਦੀ ਹੈ, ਕਿ ਢਾਈ ਕਰੋੜ ਸਿੱਖਾਂ ਦੀ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਅਤੇ ਪੰਜਾਬ ਦੀ ਧਰਤੀ, ਜਿਹੜੀ ਸਿੱਖਾਂ ਦੀ ਸਰ ਜ਼ਮੀਨ ਹੈ,ਉੱਥੇ ਆਕੇ ਹਿੰਦੂ ਰਾਸ਼ਟਰ ਦੀ ਗੱਲ ਕਰਕੇ, ਭਾਵਨਾਵਾਂ ਨੂੰ ਭੜਕਾਉਣ ਦੀ ਸਾਜ਼ਿਸ਼ ਕਰਦਿਆਂ ਧੀਰੇਂਦਰ ਸ਼ਾਸਤਰੀ ☞


## THANDI AUTO CARE CENTRE LTD

**WE DO REPAIR OF ALL MAKES & MODELS**

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



## CANRISE IMMIGRATION

www.canriseimmigration.com

**778-565-1717**

CANRISE IMMIGRATION

SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

**BCPNP ਬੀ ਸੀ ਪੀ ਐਨ ਪੀ**

- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

**OUR SERVICES:**

- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE

**Ranjeet S. Sohi**
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)

iccrc crcic



## UNI GLOBAL IMMIGRATION

**Consulting Services Ltd.**

Your Dream......Our Passion

**For all your Immigration Related Needs:**

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

**Tel. : 604-338-4975**
**778-323-3141**

#12387-75 Avenue Surrey, BC V3W 2S7
E-mail: contactuniglobal@gmail.com

RCIC CRIC

# ਸ਼੍ਰੋਮਣੀ ਕਮੇਟੀ, ਬਾਬਾ ਬਾਗੇਸ਼ਵਰ ਨਿੱਕੂ ਵਾਲਾ ਅਤੇ ਸਿੱਖੀ ਦਾ ਨਿਆਰਾਪਨ



ਬਾਬਾ ਬਾਗੇਸ਼ਵਰ ਹਾਲ ਹੀ ਵਿਚ ਪੰਜਾਬ ਆਏ ਤੇ ਦਰਬਾਰ ਸਾਹਿਬ ਵਿਖੇ ਵੀ ਮੱਥਾ ਟੇਕਣ ਚਲੇ ਗਏ। ਇਨ੍ਹਾਂ ਨੂੰ ਨਿੱਕੂ ਵਾਲਾ ਬਾਬਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਤੇ ਇਸ ਨੇ ਕਈ ਵਿਵਾਦਤ ਟਿਪਣੀਆਂ ਵੀ ਕੀਤੀਆਂ ਹਨ ਜੋ ਸਿੱਖੀ ਸੋਚ ਨੂੰ ਠੇਸ ਪਹੁੰਚਾਉਂਦੀਆਂ ਹਨ। ਇਸ ਨੇ ਸਿੱਖਾਂ ਨੂੰ ਸਨਾਤਨ ਧਰਮ ਦੀ ਫ਼ੌਜੀ ਬਾਂਹ ਕਹਿ ਦਿਤਾ।

ਪਰ ਇਸ ਦੇ ਕੁੱਝ ਵੀ ਕਹਿ ਦੇਣ ਨਾਲ ਸਿੱਖੀ ਦਾ ਅਸਲ ਰੂਪ ਬਦਲ ਨਹੀਂ ਜਾਂਦਾ ਕਿਉਂਕਿ ਬਾਬੇ ਨਾਨਕ ਦੀ ਸਿੱਖੀ ਇਕ ਛੋਟੇ ਜਹੇ ਇਨਸਾਨ ਦੇ ਛੋਟੇ ਜਹੇ ਕਥਨ ਨਾਲ ਅਪਣੇ ਅਸਲ ਧੁਰੇ ਤੋਂ ਹਿਲ ਜਾਣ ਵਾਲਾ ਕੱਚਾ ਫ਼ਲਸਫ਼ਾ ਨਹੀਂ। ਇਸ 'ਬਾਬੇ' ਦੇ ਦਰਬਾਰ ਸਾਹਿਬ ਵਿਚ ਆਉਣ ਤੇ ਰੋਕ ਕੋਈ ਨਹੀਂ ਸੀ ਤੇ ਨਾ ਹੋਣੀ ਹੀ ਚਾਹੀਦੀ ਹੈ ਪਰ ਇਸ ਦੀ ਯਾਤਰਾ ਨਾਲ ਜੁੜੇ ਕੁੱਝ ਪਹਿਲੂਆਂ ਬਾਰੇ ਸਾਨੂੰ ਇਤਰਾਜ਼ ਜ਼ਰੂਰ ਹੈ। ਐਸ.ਜੀ.ਪੀ.ਸੀ. ਵਲੋਂ ਇਸ ਨੂੰ ਕੋਈ ਖ਼ਾਸ ਮਾਣ ਸਨਮਾਨ ਨਹੀਂ ਦਿਤਾ ਗਿਆ ਤੇ ਇਸ ਗੱਲ ਲਈ ਉਨ੍ਹਾਂ ਦੀ ਤਾਰੀਫ਼ ਕੀਤੀ ਜਾਣੀ ਚਾਹੀਦੀ ਹੈ। ਪਰ ਜਿਸ ਤਰ੍ਹਾਂ ਪੰਜਾਬ ਦੇ ਮੀਡੀਆ ਦੀਆਂ ਤੇ ਪੰਜਾਬ ਦੇ ਲੋਕਾਂ ਦੀਆਂ ਨਜ਼ਰਾਂ ਇਸ ਦੀ ਯਾਤਰਾ ਦੇ ਨਜ਼ਾਰੇ ਲੈ ਰਹੀਆਂ ਸਨ, ਉਸ 'ਚੋਂ ਸਿੱਖਾਂ ਦੀ ਕਮਜ਼ੋਰੀ ਨਜ਼ਰ ਆ ਰਹੀ ਸੀ। 'ਬਾਬਾ' ਮਜ਼ਾਕ ਵਿਚ ਸਾਡੀ ਕਮਜ਼ੋਰੀ ਨੰਗੀ ਕਰ ਗਿਆ ਜਦ ਉਸ ਨੇ ਕਿਹਾ ਕਿ ਉਸ ਨੇ ਦਸਤਾਰ ਸਜਾਈ ਹੈ ਤੇ ਉਹ 'ਸਰਦਾਰ ਜੀ' ਵਾਂਗ ਲੱਗ ਰਿਹਾ ਹੈ। ਅਸਲ ਵਿਚ ਉਸ ਦੇ ਆਸ ਪਾਸ ਚਲ ਰਹੇ 'ਨਿੱਕੂ' ਵਰਗੇ ਵੀ ਬਾਬੇ ਵਾਂਗ 'ਸਰਦਾਰ ਜੀ' ਹੀ ਲਗਦੇ ਸਨ ਪਰ ਅਸਲ ਵਿਚ ਉਹ 'ਸਰਦਾਰ ਜੀ' ਹੈ ਨਹੀਂ ਸਨ ਕਿਉਂਕਿ ਜੇ ਸੰਗੀਤਕਾਰ ਨਿੱਕੂ ਸਿੱਖੀ ਸਿਧਾਂਤਾਂ ਨਾਲ ਜੁੜਿਆ ਹੁੰਦਾ ਤਾਂ ਉਹ ਜਾਣਦਾ ਕਿ ਬਾਬਾ ਨਾਨਕ ਇਸ ਤਰ੍ਹਾਂ ਦੇ ਬਾਬਿਆਂ ਬਾਰੇ ਕੀ ਆਖ ਗਏ ਸਨ।

ਨਿੱਕੂ ਦੀ ਕਮਜ਼ੋਰੀ ਜੇ ਉਸ ਨੂੰ ਰੱਬ ਤੋਂ ਦੂਰ ਕਰ ਕੇ ਉਸ ਨੂੰ ਦਰ-ਦਰ ਭਟਕਣ ਵਾਸਤੇ ਮਜਬੂਰ ਕਰਦੀ ਹੈ ਤਾਂ ਇਹ ਸਿਰਫ਼ ਨਿੱਕੂ ਹੀ ਨਹੀਂ ਬਲਕਿ ਪੰਜਾਬ ਵਿਚ ਬੈਠੇ ਕਈ ਦਸਤਾਰ ਸਜਾਈ ਸਿੱਖਾਂ ਦੀ ਕਮਜ਼ੋਰੀ ਬਣ ਗਈ ਹੈ। ਇਸੇ ਪੰਜਾਬ ਵਿਚੋਂ ਹੀ ਇਕ ਬਲਾਤਕਾਰੀ, ਕਾਤਲ ਸੌਦਾ ਸਾਧ ਨੇ ਅਪਣੇ ਪਿਛੇ ਕਈ ਦਸਤਾਰਧਾਰੀਆਂ ਨੂੰ ਲੱਗਣ ਲਈ ਤਿਆਰ ਕਰ ਦਿਤਾ ਹੈ।ਅੱਜ ਗੁਰੂ ਨਾਨਕ ਦੇ ਸਿੱਖ ਮਿਲ ਹੀ ਨਹੀਂ ਰਹੇ ਤੇ ਇਥੇ ਸਾਡੀ ਐਸ.ਜੀ.ਪੀ.ਸੀ. ਸੱਭ ਤੋਂ ਵੱਧ ਕਸੂਰਵਾਰ ਹੈ। ਗੁਰੂ ਘਰਾਂ ਵਿਚ ਸਿੱਖੀ ਤਾਂ ਮਿਲ ਹੀ ਨਹੀਂ ਰਹੀ ਬਲਕਿ ਗੋਲਕਾਂ ਵਿਚ ਲੋਕਾਂ ਤੋਂ ਪੈਸੇ ਭਰਵਾ ਕੇ ਸਿਆਸਤਦਾਨਾਂ ਦੀ ਗ਼ੁਲਾਮੀ ਦੀ ਸੋਚ ਹੀ ਉਥੇ ਛਾਈ ਹੋਈ ਹੈ। ਅੱਜ ਐਸ.ਜੀ.ਪੀ.ਸੀ. ਦੀਆਂ ਚੋਣਾਂ ਵਾਸਤੇ ਵੋਟਰਾਂ ਨੂੰ ਰਜਿਸਟਰ ਕੀਤਾ ਜਾ ਰਿਹਾ ਹੈ ਤੇ ਆਖਿਆ ਜਾ ਰਿਹਾ ਹੈ ਕਿ ਜੋ ਸ਼ਰਾਬ ਪੀਂਦਾ ਹੈ, ਉਹ ਵੋਟ ਨਹੀਂ ਪਾ ਸਕਦਾ ਪਰ ਜਿਸ ਸੂਬੇ ਵਿਚ ਸ਼ਰਾਬ ਦੀ ਆਮਦਨ ਸਰਕਾਰ ਦੀ ਸੱਭ ਤੋਂ ਵੱਡੀ ਤਾਕਤ ਹੋਵੇ, ਉਥੇ ਵੋਟਰ ਤਾਂ ਝੂਠ ਬੋਲ ਕੇ ਹੀ ਵੋਟ ਪਾਵੇਗਾ।ਸਿੱਖੀ ਵਿਚ ਕਿਸੇ ਧਰਮ ਵਿਰੁਧ ਕੁੱਝ ਨਹੀਂ, ਇਹ ਸਮੁੱਚੀ ਮਨੁੱਖਤਾ ਬਾਰੇ ਸੋਚਣਾ ਸਿਖਾਉਂਦੀ ਹੈ ਪਰ ਫਿਰ ਵੀ ਇਕ ਸਿੱਖ ਦਾ ਨਿਆਰਾਪਨ ਬਣਿਆ ਰਹਿੰਦਾ ਹੈ। ਉਹ ਕਿਸੇ ਧਰਮ ਦੀ ਬਾਂਹ ਨਹੀਂ ਬਲਕਿ ਉਹ ਅਪਣੀ ਸੋਚ ਕਾਰਨ ਵਖਰਾ ਹੈ। ਹੋਰ ਕੁੱਝ ਬਣਨ ਤੋਂ ਪਹਿਲਾਂ ਨਾਨਕ ਦਾ ਸਿੱਖ ਬਣਨਾ ਵੀ ਜ਼ਰੂਰੀ ਹੈ। ਉਹ ਸਿੱਖ ਜੋ ਸਮਝੇ ਕਿ ਗੁਰੂ (ਅਕਾਲ ਪੁਰਖ) ਦਾ ਸ਼ਬਦ ਕੀ ਆਖ ਰਿਹਾ ਹੈ ਉਹ ਜੋ ਸਿੱਖ ਸਿਧਾਂਤਾਂ ਨੂੰ ਓਨਾ ਹੀ ਸਤਿਕਾਰ ਦੇਵੇ ਜਿੰਨਾ ਉਹ ਅਪਣੇ ਸਿੱਖ ਹੋਣ ਨੂੰ ਦਿੰਦਾ ਹੈ। ਕੀ ਇਹ ਜਾਪਦਾ ਹੈ ਕਿ ਨਿੱਕੂ ਵਰਗਿਆਂ ਵਿਚ ਸਿੱਖ ਸਿਧਾਂਤਾਂ ਦੀ ਸਮਝ ਹੈ? ਦਿੱਕਤ ਬਾਬਾ ਬਾਗੇਸ਼ਵਰ ਤੋਂ ਨਹੀਂ ਬਲਕਿ ਨਿੱਕੂ ਵਰਗਿਆਂ ਪ੍ਰਤੀ ਸਿੱਖਾਂ ਦੀ ਕਮਜ਼ੋਰੀ ਜਾਂ ਨਾਸਮਝੀ ਤਕਲੀਫ਼ ਦੇ ਰਹੀ ਹੈ ਤੇ ਜੇ ਐਸ.ਜੀ.ਪੀ.ਸੀ. ਵਿਚ ਐਸੇ ਲੋਕ ਅੱਗੇ ਨਾ ਆਏ ਜੋ ਇਸ ਸਮੱਸਿਆ ਤੇ ਕੰਮ ਕਰਨ ਵਾਲੀ ਸੋਚ ਰਖਦੇ ਹੋਣਗੇ ਤਾਂ ਆਉਣ ਵਾਲੇ ਸਮੇਂ ਵਿਚ ਮਹੰਤਾਂ ਦਾ ਰਾਜ ਤੈਅ ਹੈ।

– ਨਿਮਰਤ ਕੌਰ

---

☞ ਨੇ ਵੀ ਤਾਂ ਅਮ੍ਰਿਤਪਾਲ ਸਿੰਘ ਵਰਗਾ ਹੀ ਗੁਨਾਹ ਕੀਤਾ ਹੈ। ਫਿਰ ਇਸ ਨੂੰ ਵੀ ਐਨ.ਐਸ.ਏ. ਅਧੀਨ ਬੰਦ ਕਰਨਾ ਚਾਹੀਦਾ ਹੈ? ਜੇ ਪੰਜਾਬ ਦੀ ਸਰਕਾਰ ਸਿੱਖਾਂ ਦੇ ਖਿਲਾਫ ਮੁਕੱਦਮੇਂ ਦਰਜ਼ ਕਰ ਸਕਦੀ ਹੈ ਜਾਂ ਬਾਬਾ ਰਾਮ ਸਿੰਘ ਸੰਗਰਾਵਾਂ (ਦਮਦਮੀ ਟਕਸਾਲ) ਵਾਲਿਆਂ ਨੂੰ ਖਾਲਸਾ ਵਹੀਰ ਕੱਢਣ ਤੋਂ ਰੋਕ ਸਕਦੀ ਹੈ ਤਾਂ ਅਜਿਹੇ ਬਾਬਿਆਂ ਉੱਤੇ ਐਕਸ਼ਨ ਕਿਉਂ ਨਹੀਂ ਹੋ ਸਕਦਾ ? ਜਦੋਂ ਕਿ ਅਮ੍ਰਿਤਪਾਲ ਸਿੰਘ ਅਤੇ ਧੀਰੇਂਦਰ ਸ਼ਾਸਤਰੀ ਦਾ ਇੱਕੋ ਜਿਹਾ ਗੁਨਾਹ ਬਣਦਾ ਹੈ। ਫਿਰ ਧੀਰੇਂਦਰ ਸ਼ਾਸਤਰੀ ਬਗੇਸ਼ਵਰੀ ਬਾਬਾ ਤੇ ਵੀ ਐਨ.ਐਸ.ਏ. ਲੱਗਣੀ ਚਾਹੀਦੀ ਹੈ? ਗੁਰੂ ਰਾਖਾ।

-- ਗੁਰਿੰਦਰਪਾਲ ਸਿੰਘ ਧਨੌਲਾ


ਲਰਨਿੰਗ ਲਾਇਸੈਂਸ

A to Z DRIVING SCHOOL

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey



ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ

*27 ਅਕਤੂਬਰ ਦਿਨ ਸ਼ੁੱਕਰਵਾਰ ਦਿਓਲ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 29 ਅਕਤੂਬਰ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ।

*29 ਅਕਤੂਬਰ ਦਿਨ ਐਤਵਾਰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਸੁਖਮਨੀ ਸਾਹਿਬ ਦੇ ਪਾਠ ਹੋਣਗੇ। ਸ਼ਾਮ ਨੂੰ ਗੁਰਪ੍ਰੀਤ ਸਿੰਘ ਮਾਹਲ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ। ਸ਼ਾਮ ਦੇ ਵਿਸ਼ੇਸ਼ ਦੀਵਾਨ ਗੁਰੂ ਰਾਮਦਾਸ ਜੀ ਦੇ ਅਵਤਾਰ ਪੁਰਬ ਨੂੰ ਸਮਰਪਿਤ ਹੋਣਗੇ।


ਨੋਟ:ਰੋਜਾਨਾ ਸ਼ਾਮ 7-8 ਵਜੇ ਤੱਕ ਭਾਈ ਪਰਮਜੀਤ ਸਿੰਘ ਖਾਲਸਾ ਆਸਾ ਦੀ ਵਾਰ ਦੀ ਕਥਾ ਸਰਵਣ ਕਰਵਾਉਂਦੇ ਹਨ।

| ਰਾਗੀ ਜੱਥੇ | ਕਥਾਵਾਚਕ | ਤਬਲਾ ਸਿੱਖਣ ਲਈ ਸੰਪਰਕ ਕਰੋ: |
|---|---|---|
| ਭਾਈ ਗੁਰਬਿੰਦਰ ਸਿੰਘ ਗਾਲਿਬ ਲੁਧਿਆਣੇ ਵਾਲਿਆਂ ਦਾ ਜਥਾ | ਭਾਈ ਪ੍ਰਮਜੀਤ ਸਿੰਘ ਜੀ ਖਾਲਸਾ ਯੂਐਸਏ | 604-413-7171 |

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ

ਗੁਰਦੁਆਰਾ ਸਾਹਿਬ:604-413-7171

ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



ਰੋਜਾਨਾ ਦੇ ਪ੍ਰੋਗਰਾਮ

ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਸ਼੍ਰੀਨਗਰ ਦੇ ਲਾਲ ਚੌਕ 'ਚ ਹਨੂੰਮਾਨ ਚਾਲੀਸਾ ਦੇ ਗਾਇਨ ਦਾ ਆਯੋਜਨ

ਸ੍ਰੀਨਗਰ: ਜੰਮੂ-ਕਸ਼ਮੀਰ ਵਿੱਚ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਦੀ ਹਿੰਦੂਤਵ ਵਿਚਾਰਧਾਰਾ ਨੂੰ ਥੋਪਣ ਦੀਆਂ ਕੋਸ਼ਿਸ਼ਾਂ ਦੇ ਹਿੱਸੇ ਵਜੋਂ, ਨਰਿੰਦਰ ਮੋਦੀ ਦੁਆਰਾ ਸਥਾਪਿਤ ਸ਼ਾਸਨ ਨੇ ਹਿੰਦੂ ਦੇਵਤਾ ਹਨੂੰਮਾਨ ਦੀ ਉਸਤਤ ਵਿੱਚ ਇੱਕ ਭਗਤੀ ਭਜਨ ਹਨੂੰਮਾਨ ਚਾਲੀਸਾ ਦੇ ਗਾਇਨ ਦਾ ਆਯੋਜਨ



ਕੀਤਾ। ਮੀਡੀਆ ਸਰਵਿਸ ਮੁਤਾਬਕ ਹਨੂੰਮਾਨ ਚਾਲੀਸਾ ਦੇ ਗਾਉਣ ਲਈ ਭਾਰਤ ਤੋਂ ਵੱਡੀ ਗਿਣਤੀ 'ਚ ਹਿੰਦੂਆਂ ਨੂੰ ਲਿਆਂਦਾ ਗਿਆ ਸੀ। ਸ਼੍ਰੀਨਗਰ ਦੇ ਲਾਲ ਚੌਕ ਦੀ ਇੱਕ ਵੀਡੀਓ ਨੇ ਸੋਸ਼ਲ ਮੀਡੀਆ ਯੂਜ਼ਰਸ ਦਾ ਧਿਆਨ ਆਪਣੇ ਵੱਲ ਖਿੱਚ ਲਿਆ ਹੈ। ਵਾਇਰਲ ਵੀਡੀਓ ਵਿੱਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਸ੍ਰੀਨਗਰ ਦੇ ਲਾਲ ਚੌਕ ਵਿੱਚ ਹਨੂੰਮਾਨ ਚਾਲੀਸਾ ਦਾ ਪਾਠ ਕੀਤਾ ਜਾ ਰਿਹਾ ਹੈ। ਸੂਤਰਾਂ ਅਨੁਸਾਰ ਫੌਜ ਦੇ ਹਿੰਦੂ ਜਵਾਨਾ ਨੂੰ ਸਿਵਲ ਵਰਦੀਆਂ ਵਿੱਚ ਇਥੇ ਲਿਆਦਾ ਗਿਆ।

# ਕਬੱਡੀ ਖਿਡਾਰੀਆਂ ਨੇ ਹੌਲਦਾਰ ਮਾਰਿਆ

ਬਰਨਾਲਾ:ਇੱਥੋਂ ਦੇ 25 ਏਕੜ ਏਰੀਏ ਵਿਚ ਰੈਸਟੋਰੈਂਟ 'ਚ ਕਬੱਡੀ ਖਿਡਾਰੀਆਂ ਅਤੇ ਰੈਸਟੋਰੈਂਟ ਦੇ ਵਰਕਰਾਂ ਵਿਚਾਲੇ ਝਗੜੇ ਨੂੰ ਹੱਲ ਕਰਨ ਆਇਆ ਹੌਲਦਾਰ ਮਾਰਿਆ ਗਿਆ। ਝਗੜੇ ਦੀ ਸੂਚਨਾ ਮਿਲਣ 'ਤੇ ਸਿਟੀ ਵਨ ਦੀ ਪੁਲਸ ਮੌਕੇ 'ਤੇ ਪੁੱਜੀ ਅਤੇ ਕਬੱਡੀ ਖਿਡਾਰੀਆਂ ਨੂੰ ਕਾਰ 'ਚ ਬੈਠਣ ਲਈ ਕਿਹਾ। ਬਹਿਸ ਤੋਂ ਬਾਅਦ ਖਿਡਾਰੀਆਂ ਨੇ ਹੌਲਦਾਰ ਦਰਸ਼ਨ ਸਿੰਘ ਨੂੰ ਕੁੱਟ ਕੇ ਗੰਭੀਰ ਜ਼ਖਮੀ ਕਰ ਦਿੱਤਾ, ਜਿਸ ਦੀ ਸਿਵਲ ਹਸਪਤਾਲ 'ਚ ਮੌਤ ਹੋ ਗਈ। ਦਰਸ਼ਨ ਸਿੰਘ ਦਾ ਸਿਰ ਸੜਕ 'ਤੇ ਵੱਜ ਗਿਆ ਸੀ। ਚਸ਼ਮਦੀਦਾਂ ਅਨੁਸਾਰ ਮੁਲਜ਼ਮ ਕੌਮਾਂਤਰੀ ਖਿਡਾਰੀ ਸਨ। ਉਨ੍ਹਾਂ ਰੈਸਟੋਰੈਂਟ ਦੀ ਭੰਨਤੋੜ ਵੀ ਕੀਤੀ। ਘਟਨਾ ਤੋਂ ਬਾਅਦ ਫਰਾਰ ਹੋ ਗਏ। ਇਕ ਚਸ਼ਮਦੀਦ ਨੇ ਦੱਸਿਆ ਕਿ ਬਿੱਲ ਨੂੰ ਲੈ ਕੇ ਰੈਸਟੋਰੈਂਟ ਮਾਲਕ ਅਤੇ ਖਿਡਾਰੀਆਂ ਵਿਚਾਲੇ ਝਗੜਾ ਹੋ ਗਿਆ। ਇਸ ਤੋਂ ਬਾਅਦ ਰੈਸਟੋਰੈਂਟ ਮਾਲਕਾਂ ਨੇ ਪੁਲਸ ਸੱਦ ਲਈ।

# ਪੁਲਸ ਮੁਲਾਜ਼ਮ ਨੇ ਕੀਤੀ ਤਾਮਿਲਨਾਡੂ 'ਚ ਤਿਰੰਗੇ ਦੀ ਬੇਇੱਜ਼ਤੀ

ਨਵੀਂ ਦਿੱਲੀ(ਯੂ.ਐਨ.ਆਈ.)-ਤਾਮਿਲਨਾਡੂ ਦੀ ਰਾਜਧਾਨੀ ਚੇਨਈ ਵਿੱਚ ਖੇਡੇ ਗਏ ਵਿਸ਼ਵ ਕੱਪ ਮੈਚ ਤੋਂ ਪਹਿਲਾਂ ਇੱਕ ਪੁਲਿਸ ਮੁਲਾਜ਼ਮ ਨੇ ਤਿਰੰਗੇ ਦਾ ਅਪਮਾਨ ਕੀਤਾ। ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚਾਲੇ ਮੈਚ ਚੇਪੌਕ ਦੇ ਐਮਏ ਚਿਦੰਬਰਮ ਸਟੇਡੀਅਮ ਵਿੱਚ ਖੇਡਿਆ ਗਿਆ।

ਪਰ ਇਸ ਤੋਂ ਪਹਿਲਾਂ ਇੱਕ ਪੁਲਿਸ ਵਾਲੇ ਨੇ ਕੁਝ ਭਾਰਤੀ ਪ੍ਰਸ਼ੰਸਕਾਂ ਨੂੰ ਸਟੇਡੀਅਮ ਦੇ ਅੰਦਰ ਤਿਰੰਗਾ ਲੈ ਕੇ ਜਾਣ ਤੋਂ ਰੋਕ ਦਿੱਤਾ। ਇਹ ਪੁਲਿਸ ਮੁਲਾਜ਼ਮ ਤਾਮਿਲਨਾਡੂ ਪੁਲਿਸ ਦਾ ਸਬ-ਇੰਸਪੈਕਟਰ ਦੱਸਿਆ ਜਾਂਦਾ ਹੈ। ਜਿਸ ਨੇ ਬਹੁਤ ਸਾਰੇ ਪ੍ਰਸ਼ੰਸਕਾਂ ਨੂੰ ਸਟੇਡੀਅਮ ਦੇ ਅੰਦਰ ਤਿਰੰਗਾ ਲੈ ਕੇ ਨਹੀਂ ਜਾਣ ਦਿੱਤਾ। ਇਸ ਸਮੇਂ ਦੌਰਾਨ ਉਹ ਕੁਝ ਕ੍ਰਿਕਟ ਪ੍ਰਸ਼ੰਸਕਾਂ ਤੋਂ ਦੋ ਭਾਰਤੀ ਝੰਡੇ ਯਾਨੀ ਤਿਰੰਗਾ ਲੈ ਲੈਂਦਾ ਹੈ। ਇਸ ਤੋਂ ਬਾਅਦ ਉਹ ਇਨ੍ਹਾਂ ਝੰਡਿਆਂ ਨੂੰ ਡਸਟਬਿਨ ਵਿੱਚ ਸੁੱਟ ਦਿੰਦਾ ਹੈ। ਉਸ ਨੂੰ ਅਜਿਹਾ ਕਰਦੇ ਦੇਖ ਲੋਕ ਆਪਣਾ ਇਤਰਾਜ਼ ਜਤਾਉਂਦੇ ਹਨ। ਵਿਭਾਗ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।


ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application





Call : 778-869-1097
By Appointment Only
#202-12677-80AVE SURREY



GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ





Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750



SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711




The Builder's Direct
Experienced & Honest
Bath & Kitchen Fixtures





Wholesale price to public
We carry all major brands
Fireplaces Also Available


Get all kind of Kitchen & Washroom Fixtures at wholesale prices.
Call For Free Estimates
Parminder Singh: 604-787-7838
604-593-7755
12652-82 Ave, Surrey BC

# ਪੰਜਾਬ ਦੇ ਦੋ ਕਸਬਿਆਂ ‘ਚ ਰਾਵਣ ਦਾ ਪੁਤਲਾ ਸਾੜਨ ਦੀ ਬਜਾਏ ਹੁੰਦੀ ਹੈ ਪੂਜਾ



ਚੰਡੀਗੜ੍ਹ:-ਦੁਸ਼ਹਿਰਾ ਪੂਰੇ ਭਾਰਤ ਵਿੱਚ ਮਨਾਇਆ ਜਾਂਦਾ ਹੈ, ਇਸ ਦਿਨ ਮੁੱਖ ਤੌਰ ‘ਤੇ ਰਾਵਣ ਦਾ ਪੁਤਲਾ ਸਾੜਿਆ ਜਾਂਦਾ ਹੈ।

ਪਰ ਪੰਜਾਬ ਵਿੱਚ ਘੱਟੋ-ਘੱਟ ਦੋ ਥਾਵਾਂ ਅਜਿਹੀਆਂ ਹਨ ਜਿੱਥੇ ਰਾਵਣ ਦੀ ਪੂਜਾ ਹੁੰਦੀ ਹੈ। ਲੁਧਿਆਣਾ ਜ਼ਿਲ੍ਹੇ ਦੇ ਕਸਬਾ ਪਾਇਲ ਵਿੱਚ ਰਾਵਣ ਦਾ ਪੱਕਾ ਬੁੱਤ ਲੱਗਿਆ ਹੋਇਆ ਹੈ।ਇੱਥੋ ਦੇ ਲੋਕਾਂ ਮੁਤਾਬਕ ਇਹ ਬੁੱਤ ਤਕਰੀਬਨ 180 ਸਾਲ ਪੁਰਾਣਾ ਹੈ।ਇਸੇ ਤਰ੍ਹਾਂ ਮੁਕਤਸਰ ਸਾਹਿਬ ਵਿੱਚ ਵੀ ਵਾਲਮੀਕੀ ਭਾਈਚਾਰੇ ਵੱਲੋਂ ਰਾਵਣ ਦੀ ਪੂਜਾ ਕੀਤੀ ਜਾਂਦੀ ਹੈ।

ਇੱਥੇ ਲੋਕ ਬਕਾਇਦਾ ਰਾਵਣ ਦੀ ਪੂਜਾ ਕਰਦੇ ਹਨ, ਮੱਥਾ ਟੇਕਦੇ ਹਨ ਅਤੇ ਚੀਜ਼ਾਂ ਚੜ੍ਹਾਉਂਦੇ ਹਨ। ਇੱਥੇ ਆਉਣ ਵਾਲੇ ਸ਼ਰਧਾਲੂ ਦੱਸਦੇ ਹਨ ਕਿ ਉਨ੍ਹਾਂ ਦੀ ਰਾਵਣ ਵਿੱਚ ਪੂਰੀ ਆਸਥਾ ਹੈ।ਇੱਥੋਂ ਦੇ ਪ੍ਰਬੰਧਕਾਂ ਵਿੱਚ ਇੱਕ ਵਿਨੋਦ ਰਾਜ ਦੂਬੇ ਨੇ ਦੱਸਿਆ ਸੀ ਕਿ ਉਨ੍ਹਾਂ ਦੇ ਵੱਡੇ- ਵਡੇਰਿਆਂ ਵੱਲੋਂ ਕਾਫੀ ਸਾਲ ਪਹਿਲਾਂ ਇੱਥੇ ਬੁੱਤ ਸਥਾਪਤ ਕੀਤਾ ਗਿਆ ਸੀ।

ਉਹ ਦੱਸਦੇ ਹਨ ਕਿ ਉਨ੍ਹਾਂ ਦੇ ਪੁਰਖਿਆਂ ਨੂੰ ਇੱਕ ਸੰਤ ਮਿਲੇ, ਜਿਨ੍ਹਾਂ ਦੇ ਕਹਿਣ ਉੱਤੇ ਉਨ੍ਹਾਂ ਨੇ ਇੱਥੇ ਮੰਦਿਰ ਦੀ ਉਸਾਰੀ ਕੀਤੀ।

# ਦੁਨੀਆ ਦੇ ਸਭ ਤੋਂ ਵਡੇਰੀ ਉਮਰ ਦੇ ਕੁੱਤੇ ਬੌਬੀ ਦੀ ਪੁਰਤਗਾਲ ਵਿੱਚ ਮੌਤ




ਲਿਸਬਨ-ਦੁਨੀਆ ਦੇ ਸਭ ਤੋਂ ਬਜ਼ੁਰਗ ਕੁੱਤੇ ਬੌਬੀ ਦੀ ਪੁਰਤਗਾਲ ਵਿੱਚ 31 ਸਾਲ ਦੀ ਉਮਰ ਵਿੱਚ ਮੌਤ ਹੋ ਗਈ ਹੈ, ਇਹ ਗੱਲ ਗਨਿਜ਼ ਵਰਲਡ ਰਿਕਾਰਡ ਨੇ ਸੋਮਵਾਰ ਨੂੰ ਕਹੀ। ਇੱਕ ਸ਼ੁੱਧ ਨਸਲ ਦਾ ਰਾਫੇਰੋ ਅਲੇਨਟੇਜਾਨੋ ਸੀ ਜਿਸ ਨੇ ਆਪਣਾ ਪੂਰਾ ਜੀਵਨ ਮੱਧ ਪੁਰਤਗਾਲ ਦੇ ਇੱਕ ਪਿੰਡ ਵਿੱਚ ਬਿਤਾਇਆ। ਬੌਬੀ 31 ਸਾਲ ਅਤੇ 165 ਦਿਨ ਤੱਕ ਜੀਉਂਦਾ ਰਿਹਾ, ਇੱਕ ਆਸਟਰੇਲੀਆਈ ਪਸ਼ੂ-ਕੁੱਤੇ ਦੁਆਰਾ 1939 ਤੋਂ ਰੱਖੇ ਰਿਕਾਰਡ ਨੂੰ ਤੋੜਿਆ ਜੋ 29 ਸਾਲ ਅਤੇ ਪੰਜ ਮਹੀਨਿਆਂ ਵਿੱਚ ਮਰ ਗਿਆ ਸੀ।

# ਬੁਰੇ ਲੋਕਾਂ ਕਾਰਨ ਸੰਵਿਧਾਨ ਵੀ ਬੇਮਾਅਨਾ ਹੋ ਸਕਦੈ:ਚੀਫ ਜਸਟਿਸ

ਨਵੀਂ ਦਿੱਲੀ,;-ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀਵਾਈ ਚੰਦਰਚੂੜ ਨੇ ਕਿਹਾ ਕਿ ਕੋਈ ਸੰਵਿਧਾਨ ਉਦੋਂ ਹੀ ਚੰਗਾ ਸਾਬਤ ਹੋ ਸਕਦਾ ਹੈ ਜਦੋਂ ਇਸ ਦੇ ਕੰਮਕਾਰ ਲਈ ਜ਼ਿੰਮੇਵਾਰ ਲੋਕ ਚੰਗੇ ਹੋਣ। ਉਨ੍ਹਾਂ ਇਹ ਗੱਲ ਬੀ.ਆਰ. ਅੰਬੇਡਕਰ ਦਾ ਹਵਾਲਾ ਦਿੰਦਿਆਂ ਕਹੀ ਅਤੇ ਸੰਵਿਧਾਨ ਪ੍ਰਤੀ ਉਨ੍ਹਾਂ ਦੇ ਵਿਚਾਰਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਭਾਰਤ ’ਚ ਡੂੰਘੀਆਂ ਜੜ੍ਹਾਂ ਜਮ੍ਹਾਂ ਚੁੱਕੀ ਜਾਤੀ ਪ੍ਰਥਾ ਨੂੰ ਖਤਮ ਕਰ ਸਕਦੇ ਹਨ। ਉਹ ਬੀਤੇ ਦਿਨ ਅਮਰੀਕਾ ਦੀ ਬਰੈਂਡੇਈਸ ਯੂਨੀਵਰਸਿਟੀ ਵਿੱਚ ਡਾ. ਬੀ.ਆਰ. ਅੰਬੇਡਕਰ ਬਾਰੇ ਛੇਵੀਂ ਕੌਮਾਂਤਰੀ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ।ਇਸ ਮੌਕੇ ਉਨ੍ਹਾਂ ਡਾ. ਅੰਬੇਡਕਰ ਦਾ ਹਵਾਲਾ ਵੀ ਦਿੱਤਾ ਜਨ੍ਹਿਾਂ ਕਿਹਾ ਸੀ ਕਿ ਸੰਵਿਧਾਨ ਕਿੰਨਾ ਵੀ ਚੰਗਾ ਕਿਉਂ ਨਾ ਹੋਵੇ, ਉਸ ਦਾ ਖਰਾਬ ਹੋਣਾ ਤੈਅ ਹੈ ਜੇਕਰ ਉਸ ਲਈ ਕੰਮ ਕਰਨ ਵਾਲੇ ਲੋਕ ਖਰਾਬ ਹੋਣ। ਲੰਘੇ ਸ਼ਨਿਚਰਵਾਰ ਨੂੰ ਹਾਵਰਡ ਲਾਅ ਸਕੂਲ ਵੱਲੋਂ ਚੀਫ ਜਸਟਿਸ ਚੰਦਰਚੂੜ ਦਾ ‘ਐਵਾਰਡ ਫਾਰ ਗਲੋਬਲ ਲੀਡਰਸ਼ਿਪ’ ਨਾਲ ਸਨਮਾਨ ਵੀ ਕੀਤਾ ਗਿਆ ਸੀ।


ਮਨ ਮਨੁੱਖ ਦੀ ਕੁੰਜੀ ਹੈ

Mind is the key to the man.

NATURAL **HOMEOPATHIC** SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:

- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.

ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿਚੱ

**For Abbotsford**
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

**For Surrey**
231-8138-128 ST., SURREY
(2ND FLOOR PAYAL BUSINESS CENTER)
604-502-9579

www.homeopathsaini.com



# TMG LOGISTICS INC.

## Need Owner Operators

NOW HIRING

*Vancouver to California *California to Alberta Back Vancouver
*Vancouver to East USA Return

*Good Paying Loads*



## Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# 47 ਦੇ ਕਤਲੇਆਮ ਦੌਰਾਨ ਮੁਹੰਮਦ ਸਦੀਕ ਦੇ ਪਰਿਵਾਰ ਨੂੰ ਗੁਰਦੁਆਰੇ ਦੇ ਭਾਈ ਜੀ ਨੇ ਕਿਵੇਂ ਬਚਾਇਆ ਸੀ?:ਮੁਹੰਮਦ ਸਦੀਕ

*ਨਵਦੀਪ ਕੌਰ ਗਰੇਵਾਲ

ਮੁਹੰਮਦ ਸਦੀਕ ਉਨ੍ਹਾਂ ਚੋਣਵੇਂ ਕਲਾਕਾਰਾਂ ਵਿੱਚੋਂ ਹਨ ਜਿਨ੍ਹਾਂ ਨੇ ਕਰੀਬ ਪੰਜ ਦਹਾਕਿਆਂ ਤੱਕ ਲੋਕਾਂ ਦੇ ਦਿਲਾਂ ’ਤੇ ਰਾਜ ਕੀਤਾ ਹੈ।ਉਮਰ ਦੇ 80 ਸਾਲ ਪਾਰ ਕਰ ਚੁੱਕੇ ਮੁਹੰਮਦ ਸਦੀਕ ਹਾਲੇ ਵੀ ਸੰਗੀਤ ਨਾਲ ਜੁੜੇ ਹੋਏ ਹਨ ਅਤੇ ਸਟੇਜ ’ਤੇ ਅੱਜ ਵੀ ਗਾਉਂਦੇ ਹਨ। ਉਨ੍ਹਾਂ ਨੇ ਸਿਆਸਤ ਨੂੰ ਅਪਣਾਇਆ ਪਰ ਉਨ੍ਹਾਂ ਅੰਦਰਲਾ ਕਲਾਕਾਰ ਹਾਲੇ ਵੀ ਜਿਉਂਦਾ ਹੈ।ਦੋਰਾਹੇ ਨੇੜੇ ਪਿੰਡ ਰਾਮਪੁਰ ਕੁਟਾਣੀ ਵਿੱਚ ਜੰਮੇ ਸਦੀਕ ਨੇ ਬਚਪਨ ਕੁੱਪ ਕਲਾਂ ਵਿੱਚ ਗੁਜ਼ਾਰਿਆ।ਆਪਣੇ ਬਚਪਨ ਦੇ ਘਰ ਨੂੰ ਯਾਦ ਕਰਦਿਆਂ ਮੁਹੰਮਦ ਸਦੀਕ ਕਹਿੰਦੇ ਹਨ, “ਕੱਚਾ ਕੋਠਾ ਸੀ ਜਿਹੜਾ ਗਰਮੀਆਂ ਵਿੱਚ ਠੰਢਾ ਰਹਿੰਦਾ ਸੀ ਅਤੇ ਸਿਆਲਾਂ ਵਿੱਚ ਨਿੱਘਾ ਰਹਿੰਦਾ ਸੀ। ਗਰੀਬੀ ਜ਼ਰੂਰ ਸੀ, ਪਰ ਅਸੀਂ ਖੁਸ਼ ਰਹਿੰਦੇ ਸੀ।”

ਸਦੀਕ ਦੇ ਪਿਤਾ ਮਿਲਟਰੀ ਦੀ ਇੱਕ ਡਰਾਮਾ ਯੂਨਿਟ ਵਿੱਚ ਕੰਮ ਕਰਦੇ ਸੀ।ਉਨ੍ਹਾਂ ਦਿਨਾਂ ਬਾਰੇ ਸਦੀਕ ਦੱਸਦੇ ਹਨ, “ਜਦੋਂ ਤੱਕ ਮੈਂ ਠੀਕ ਨਾ ਹੋਇਆ, ਮੇਰੀ ਮਾਂ ਰਾਤ ਨੂੰ ਸੌਂਦੀ ਨਹੀਂ ਸੀ ਹੁੰਦੀ ਤੇ ਸਾਰੀ ਰਾਤ ਅਰਦਾਸਾਂ ਕਰਦੀ ਸੀ। ਮੈਨੂੰ ਮਾਂ ਦੀ ਦੁਆ ਲੱਗ ਗਈ ਅਤੇ ਮੈਂ ਠੀਕ ਹੋ ਗਿਆ।”ਤਿੰਨ ਭਰਾ ਅਤੇ ਤਿੰਨ ਭੈਣਾਂ ਵਿੱਚੋਂ ਸਦੀਕ ਸਭ ਤੋਂ ਵੱਡੇ ਸਨ, ਘਰ ਦੀ ਆਰਥਿਕ ਹਾਲਤ ਠੀਕ ਨਾ ਹੋਣ ਕਰਕੇ ਜ਼ਿੰਮੇਵਾਰੀ ਉਨ੍ਹਾਂ ਸਿਰ ਸੀ, ਜਿਸ ਕਰਕੇ ਉਹ ਦਸਵੀਂ ਤੱਕ ਦੀ ਪੜ੍ਹਾਈ ਵੀ ਪੂਰੀ ਨਾ ਕਰ ਸਕੇ।ਉਹ ਕਹਿੰਦੇ ਹਨ ਕਿ ਇਸੇ ਲਈ ਉਨ੍ਹਾਂ ਨੂੰ ਛੋਟੀ ਉਮਰ ਤੋਂ ਹੀ ਨੌਕਰੀ ਕਰਨੀ ਪਈ, ਪਰ ਉਨ੍ਹਾਂ ਦੀ ਕਮਾਈ ਨੇ ਵਫ਼ਾ ਕੀਤੀ ਹੈ।ਮੁਹੰਮਦ ਸਦੀਕ ਦਾ ਜਨਮ 1947 ਤੋਂ ਪਹਿਲਾਂ ਦਾ ਹੈ।ਅਸੀਂ ਉਨ੍ਹਾਂ ਤੋਂ ਪੁੱਛਿਆ ਕਿ ਕੀ ਉਨ੍ਹਾਂ ਨੂੰ ਵੰਡ ਵੇਲੇ ਦਾ ਕੁਝ ਯਾਦ ਹੈ?ਉਹ ਦੱਸਦੇ ਹਨ, “ਰਾਮਪੁਰ ਪਿੰਡ ਵਿੱਚ ਮੁਸਲਮਾਨਾਂ ਦੇ ਕਈ ਘਰ ਸਨ। ਕਈਆਂ ਨੂੰ ਮਾਰ ਮੁਕਾਇਆ ਗਿਆ।”“ਸਾਡੇ ਪਿੰਡ ਵਿੱਚ ਇੱਕ ਇਤਿਹਾਸਕ ਗੁਰਦੁਆਰਾ ਹੈ ਉੱਥੇ ਸੰਤ ਭਗਵਾਨ ਸਿੰਘ ਜੀ ਰਹਿੰਦੇ ਹੁੰਦੇ ਸੀ। ਮੇਰੇ ਬਾਬਾ (ਦਾਦਾ) ਜੀ ਉਨ੍ਹਾਂ ਦੇ ਨਾਲ ਕੀਰਤਨ ਕਰਦੇ ਹੁੰਦੇ ਸੀ।”“ਜਦੋਂ ਸੰਤ ਜੀ ਨੂੰ ਪਤਾ ਲੱਗਿਆ ਕਿ ਕਤਲੇਆਮ ਸਾਡੇ ਪਿੰਡ ਤੱਕ ਪਹੁੰਚ ਚੁੱਕਿਆ ਹੈ, ਤਾਂ ਉਨ੍ਹਾਂ ਸਾਨੂੰ ਗੁਰਦੁਆਰਾ ਸਾਹਿਬ ਵਿੱਚ ਪਨਾਹ ਦਿੱਤੀ। ਅਸੀਂ 10-15 ਦਿਨ ਗੁਰਦੁਆਰਾ ਸਾਹਿਬ ਵਿੱਚ ਰਹੇ ਸੀ। ਇਹ ਮੈਨੂੰ ਯਾਦ ਹੈ।”ਸਦੀਕ ਨੇ ਦੱਸਿਆ ਕਿ 1951-52 ਵਿੱਚ ਇੱਕ ਵਾਰ ਉਨ੍ਹਾਂ



ਦੇ ਪਿੰਡ ਕੁੱਪ ਵਿੱਚ ਪੈਪਸੂ ਦੇ ਮੁੱਖ ਮੰਤਰੀ ਬ੍ਰਿਜ ਭਾਨ ਆਏ ਅਤੇ ਪੰਚਾਇਤ ਨੇ ਸਦੀਕ ਨੂੰ ਉਨ੍ਹਾਂ ਦੇ ਸਾਹਮਣੇ ਗਾਉਣ ਲਈ ਕਹਿ ਦਿੱਤਾ।ਉਹ ਦੱਸਦੇ ਹਨ, “ਮੈਂ ਰਫ਼ੀ ਸਾਹਿਬ ਦਾ ਗੀਤ ਗਾਇਆ ‘ਜੱਗ ਵਾਲਾ ਮੇਲਾ ਯਾਰੋ ਥੋੜ੍ਹੀ ਦੇਰ ਦਾ’। ਲੋਕਾਂ ਨੇ ਗੀਤ ਪਿਆਰ ਨਾਲ ਸੁਣਿਆ ਅਤੇ ਮੁੱਖ ਮੰਤਰੀ ਵੀ ਬੜੇ ਭਾਵੁਕ ਹੋਏ।”“ਉਨ੍ਹਾਂ ਨੇ ਮੈਨੂੰ ਸੌ ਰੁਪਇਆ ਇਨਾਮ ਦਾ ਦਿੱਤਾ ਤੇ ਉਸ ਸੌ ਰੁਪਏ ਨੇ ਮੇਰੀ ਜ਼ਿੰਦਗੀ ਬਦਲ ਦਿੱਤੀ।”“ਮੇਰੀ ਮਾਂ ਨੂੰ ਪਿੰਡ ਦੀਆਂ ਬੀਬੀਆਂ ਸਾਰੀ ਰਾਤ ਵਧਾਈਆਂ ਦੇਣ ਆਉਂਦੀਆਂ ਰਹੀਆਂ ਤੇ ਕਹਿੰਦੀਆਂ ਸੀ, ‘ਨੀ ਤੇਰਾ ਪੁੱਤ ਤਾਂ ਜੰਮਦਾ ਈ ਕਮਾਊ ਹੈ’। ਇਸ ਤੋਂ ਬਾਅਦ ਮੇਰੇ ਘਰ ਦਿਆਂ ਨੇ ਮੈਨੂੰ ਸੰਗੀਤ ਸਿੱਖਣ ਲਾਇਆ ਸੀ।”

# ਰੋਪੜ ਦੀ ਸਹਾਇਕ ਪ੍ਰੋਫੈਸਰ ਦਾ ਕਥਿਤ ਖ਼ੁਦਕੁਸ਼ੀ ਨੋਟ ‘ਚ ਸਿੱਖਿਆ ਮੰਤਰੀ ਬਾਰੇ ਕੀ ਲਿਖਿਆ ਹੈ?



ਰੋਪੜ:_ਬਲਵਿੰਦਰ ਕੌਰ ਨੇ ਮਰਨ ਤੋਂ ਪਹਿਲਾਂ ਇੱਕ ਸੁਸਾਈਡ ਨੋਟ ਵੀ ਲਿਖਿਆ ਦੱਸਿਆ ਜਾ ਰਿਹਾ ਹੈ, ਜੋ ਵਾਇਰਲ ਹੋ ਰਿਹਾ ਹੈ।ਰੂਪਨਗਰ ‘ਚ ਅਸਿਸਟੈਂਟ ਪ੍ਰੋਫੈਸਰ ਬਲਵਿੰਦਰ ਕੌਰ ਦੀ ਕਥਿਤ ਖੁਦਕੁਸ਼ੀ ਦੇ ਮਾਮਲੇ ਨੂੰ ਲੈ ਕੇ ਸਿਆਸਤ ਗਰਮਾ ਗਈ ਹੈ।ਜਾਣਕਾਰੀ ਮੁਤਾਬਕ ਬਲਵਿੰਦਰ ਕੌਰ ਨਿਯੁਕਤ ਹੋਣ ਦੇ ਬਾਵਜੂਦ ਸਟੇਸ਼ਨ ਅਲਾਟ ਨਾ ਕੀਤੇ ਜਾਣ ‘ਤੇ ਨਾਰਾਜ਼ ਸਨ।ਉਹ ਰੂਪਨਗਰ ਦੇ ਪਿੰਡ ਬਸੀ ਦੇ ਰਹਿਣ ਵਾਲੇ ਸਨ ਅਤੇ ਰਾਜਨੀਤੀ ਸ਼ਾਸਤਰ ਪੜ੍ਹਾਉਂਦੇ ਸਨ।ਬਲਵਿੰਦਰ ਆਪਣੇ ਸਾਥੀਆਂ ਸਮੇਤ ਸਿੱਖਿਆ ਮੰਤਰੀ ਹਰਜੋਤ ਬੈਂਸ ਦੇ ਪਿੰਡ ਗੰਭੀਰਪੁਰ ਨੇੜੇ ਧਰਨੇ ’ਤੇ ਬੈਠੀ ਹੋਏ ਸਨ।ਇਸੇ ਦੌਰਾਨ ਉਨ੍ਹਾਂ ਨੇ ਸਰਹਿੰਦ ਨਹਿਰ ਵਿੱਚ ਛਾਲ ਮਾਰ ਕੇ ਕਥਿਤ ਤੌਰ ’ਤੇ ਖੁਦਕੁਸ਼ੀ ਕਰ ਲਈ।ਦੱਸਿਆ ਜਾ ਰਿਹਾ ਹੈ ਕਿ ਬਲਵਿੰਦਰ ਕੌਰ ਨੇ ਮਰਨ ਤੋਂ ਪਹਿਲਾਂ ਇੱਕ ਕਥਿਤ ਸੁਸਾਈਡ ਨੋਟ ਵੀ ਲਿਖਿਆ ਸੀ, ਜੋ ਵਾਇਰਲ ਹੋ ਰਿਹਾ ਹੈ।ਦੂਜੇ ਪਾਸੇ, ਪੁਲਿਸ ਨੇ ਸਹਾਇਕ ਪ੍ਰੋਫੈਸਰ ਦੇ ਪਤੀ ਅਤੇ ਸਹੁਰੇ ਖ਼ਿਲਾਫ਼ ਕੇਸ ਦਰਜ ਕੀਤਾ ਹੈ।

ਸਹਾਇਕ ਪ੍ਰੋਫੈਸਰ ਦੇ ਕਥਿਤ ਸੁਸਾਈਡ ਨੋਟ ‘ਚ ਲਿਖਿਆ ਹੈ ਕਿ ਉਹ ਬੇਹੱਦ ਮਾਨਸਿਕ ਤਣਾਅ ‘ਚੋਂ ਲੰਘ ਰਹੇ ਹਨ।“ਇਸ ਦਾ ਕਾਰਨ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਹਨ। ਕਿਉਂਕਿ ਉਹ ਉਨ੍ਹਾਂ ਦੀਆਂ ਗਲਤ ਨੀਤੀਆਂ ਕਾਰਨ ਪ੍ਰੇਸ਼ਾਨ ਹੈ।”ਇਸ ਵਿੱਚ ਅੱਗੇ ਲਿਖਿਆ ਹੈ ਕਿ ਉਨ੍ਹਾਂ ਦੇ ਦੋ ਵਾਰ ਡਿਲੀਵਰੀ ਕੇਸ ਵੀ ਮਾਨਸਿਕ ਪ੍ਰੇਸ਼ਾਨੀਆਂ ਕਾਰਨ ਖਰਾਬ ਹੋ ਗਏ।ਉਨ੍ਹਾਂ ਕਿਹਾ ਕਿ “ਦੋਵਾਂ ਬੱਚਿਆਂ ਦੀ ਮੌਤ ਦਾ ਕਾਰਨ ਸਿੱਖਿਆ ਮੰਤਰੀ ਹਰਜੋਤ ਬੈਂਸ ਹਨ। ਕਿਉਂਕਿ ਉਨ੍ਹਾਂ ਵੱਲੋਂ ਨਿਯੁਕਤੀ ਪੱਤਰ ਦਿੱਤੇ ਜਾਣ ਦੇ ਬਾਵਜੂਦ ਸਟੇਸ਼ਨ ਅਲਾਟ ਨਹੀਂ ਕੀਤੇ ਗਏ।”ਉਨ੍ਹਾਂ ਕਿਹਾ ਕਿ “ਮੇਰੀ ਮੌਤ ਲਈ ਜ਼ਿੰਮੇਵਾਰ ਹਰਜੋਤ ਸਿੰਘ ਬੈਂਸ ਖ਼ਿਲਾਫ਼ ਕੇਸ ਦਰਜ ਕੀਤਾ ਜਾਵੇ।”

ਹਾਲਾਂਕਿ, ਇਸ ਮਾਮਲੇ ਵਿੱਚ ਸਿੱਖਿਆ ਮੰਤਰੀ ਦਾ ਪੱਖ ਅਜੇ ਤੱਕ ਨਹੀਂ ਆਇਆ ਹੈ। ਪਰ ਆਮ ਆਦਮੀ ਪਾਰਟੀ ਦੇ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੇ ਇਸ ਨੂੰ ਕਥਿਤ ਖੁਦਕਸ਼ੀ ਨੋਟ ਦੇ ਅਧਾਰ ਉੱਤੇ ਸਿਰਜਿਆ ਗਿਆ ਸਿਆਸੀ ਬਿਰਤਾਂਤ ਦੱਸਿਆ ਹੈ।

ਦੂਸਰੇ ਪਾਸੇ ਪੁਲਿਸ ਨੇ ਬਲਵਿੰਦਰ ਕੌਰ ਦੇ ਭਰਾ ਹਰਦੇਵ ਸਿੰਘ ਦੇ ਬਿਆਨਾਂ ਦੇ ਆਧਾਰ ’ਤੇ ਪਤੀ ਸੁਪ੍ਰੀਤ ਸਿੰਘ ਅਤੇ ਸਹੁਰੇ ਭਾਗ ਸਿੰਘ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।ਹਰਦੇਵ ਨੇ ਦੱਸਿਆ ਕਿ ਬਲਵਿੰਦਰ ਕੌਰ ਦਾ ਵਿਆਹ 1 ਅਕਤੂਬਰ 2016 ਨੂੰ ਸੁਪ੍ਰੀਤ ਸਿੰਘ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਬਲਵਿੰਦਰ ਕੌਰ ਦੀ ਇੱਕ ਬੇਟੀ ਨਵਰੀਤ ਕੌਰ (5) ਹੈ।ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਪਹਿਲੀ ਲੜਕੀ ਨੇ ਜਨਮ ਲਿਆ ਤਾਂ ਬਲਵਿੰਦਰ ਕੌਰ ਨੇ ਦੱਸਿਆ ਕਿ ਉਸ ਦੇ ਪਤੀ ਦਾ ਉਸ ਪ੍ਰਤੀ ਰਵੱਈਆ ਚੰਗਾ ਨਹੀਂ ਸੀ ਅਤੇ ਉਹ ਉਸ ਨੂੰ ਹਰ ਛੋਟੀ-ਛੋਟੀ ਗੱਲ ’ਤੇ ਤੰਗ ਪ੍ਰੇਸ਼ਾਨ ਕਰਦਾ ਸੀ।ਹਰਦੇਵ ਸਿੰਘ ਨੇ ਦੱਸਿਆ ਕਿ ਕਰੀਬ ਪੰਜ ਮਹੀਨੇ ਪਹਿਲਾਂ ਬਲਵਿੰਦਰ ਕੌਰ ਨੇ ਦੱਸਿਆ ਸੀ ਕਿ ਉਹ ਦੁਬਾਰਾ ਮਾਂ ਬਣਨ ਜਾ ਵਾਲੀ ਹੈ ਅਤੇ ਉਸ ਦਾ ਪਤੀ ਵਾਰ-ਵਾਰ ਕਹਿ ਰਿਹਾ ਸੀ ਕਿ ਜੇਕਰ ਮੁੰਡਾ ਨਹੀਂ ਹੋਇਆ ਤਾਂ ਉਸ ਨੂੰ ਬੱਚਾ ਨਹੀਂ ਚਾਹੀਦਾ।“ਇਸ ਸਬੰਧੀ ਦੋ ਮਹੀਨੇ ਪਹਿਲਾਂ ਬਲਵਿੰਦਰ ਕੌਰ ਦੇ ਪਤੀ ਨੇ ਵੀ ਕੋਈ ਇਲਾਜ ਨਹੀਂ ਕਰਵਾਇਆ, ਜਿਸ ਤੋਂ ਬਾਅਦ ਭੈਣ ਮਾਨਸਿਕ ਤੌਰ ‘ਤੇ ਕਾਫੀ ਪ੍ਰੇਸ਼ਾਨ ਰਹਿੰਦੀ ਸੀ।

ਭੈਣ ਦਾ ਪੀਜੀਆਈ ਵਿੱਚ ਇਲਾਜ ਚੱਲ ਰਿਹਾ ਸੀ ਅਤੇ ਉਸ ਨੇ ਇੱਕ ਮ੍ਰਿਤਕ ਬੱਚੀ ਨੂੰ ਜਨਮ ਦਿੱਤਾ। ਇਸ ਤੋਂ ਬਾਅਦ ਪਤੀ ਉਸ ਨੂੰ ਮਾਨਸਿਕ ਤੌਰ ‘ਤੇ ਪ੍ਰੇਸ਼ਾਨ ਕਰਦਾ ਰਿਹਾ।”


**Injured in an accident?**
**ICBC claim?**

**We can help.**

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੌਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa,
*B.Sc., L.L.B (UBC)*

RM TRIAL LAWYERS

MANDEEP RANDHAWA LAW CORPORATION

**T 604 449 7500**

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca

# ਕੈਨੇਡਾ ਰਹਿੰਦਾ ਹਰ ਤੀਜਾ ਭਾਰਤੀ ਵਿਦਿਆਰਥੀ ਘੋਰ ਉਦਾਸੀ ਵਿਚ

ਖ਼ਾਲਸਾ ਏਡ' ਵਲੋਂ ਕਰਵਾਏ ਇਕ ਸਰਵੇਖਣ ਤੋਂ ਪਤਾ ਲੱਗਾ ਹੈ ਕਿ ਕੈਨੇਡਾ ਵਿਚ ਰਹਿੰਦੇ ਦਸ ਭਾਰਤੀ ਵਿਦਿਆਰਥੀਆਂ ਵਿਚੋਂ ਤਿੰਨ ਮਾਨਸਿਕ ਰੋਗ ਦਾ ਸ਼ਿਕਾਰ ਹਨ। ਪਿੰਡਾਂ ਵਿਚੋਂ ਉੱਠ ਕੇ ਸ਼ਹਿਰਾਂ ਵਿਚ ਪੈਰ ਜਮਾਉਣੇ ਸੌਖੇ ਨਹੀਂ ਹੁੰਦੇ। ਨਾ ਹੀ ਸੌਖਾ ਹੁੰਦਾ ਹੈ ਦੂਜੇ ਸੂਬਿਆਂ ਵਿਚ ਜਾ ਕੇ ਬੰਜਰ ਧਰਤੀ ਨੂੰ ਆਬਾਦ ਕਰਨਾ। ਫਿਰ ਬਾਹਰਲੇ ਦੇਸ਼ਾਂ ਵਿਚ ਜਾ ਕੇ ਸਥਾਪਤ ਹੋਣਾ ਤਾਂ ਅਸੰਭਵ ਵਰਗਾ ਮੁਸ਼ਕਿਲ ਕੰਮ ਹੁੰਦਾ ਹੈ। ਭਾਰਤੀਆਂ ਵਿਸ਼ੇਸ਼ ਕਰਕੇ ਪੰਜਾਬੀਆਂ ਨੇ ਇਸ ਸੋਚ ਨੂੰ ਤੋੜਿਆ ਹੈ। ਵਿਦੇਸ਼ਾਂ ਵਿਚ ਪੰਜਾਬੀਆਂ ਦੀ ਝੰਡੀ ਹੈ। ਚੜ੍ਹਦੀ ਕਲਾ ਵਿਚ ਹਨ। ਸਿਆਸਤ ਵਿਚ ਭਾਰਤੀਆਂ ਦੀ ਭਰਵੀਂ ਹਿੱਸੇਦਾਰੀ ਹੈ। ਵਿਦੇਸ਼ੀ ਧਰਤੀ 'ਤੇ ਸਿੱਖੀ ਦੇ ਨਿਸ਼ਾਨ ਸਾਹਿਬ ਝੂਲਣ ਲੱਗੇ ਹਨ। ਗੋਰੇ, ਭਾਰਤੀਆਂ ਦੇ ਦਫ਼ਤਰਾਂ ਵਿਚ ਨੌਕਰੀ ਲੈਣ ਲਈ ਕਤਾਰਾਂ ਵਿਚ ਲੱਗਣ ਲੱਗੇ ਹਨ। ਪਰ ਅੱਜ-ਕੱਲ੍ਹ ਕੈਨੇਡਾ ਵਿਚ ਪਹਿਲਾਂ ਵਾਲੀਆਂ ਗੱਲਾਂ ਨਹੀਂ ਰਹੀਆਂ। ਪਹਿਲਾਂ ਪਹਿਲ ਜ਼ਿਆਦਾਤਰ ਘੱਟ ਪੜ੍ਹੇ-ਲਿਖੇ ਲੋਕਾਂ ਨੇ ਵਿਦੇਸ਼ ਵੱਲ ਨੂੰ ਮੂੰਹ ਕੀਤਾ ਸੀ।

ਦੂਜੇ ਪੜਾਅ ਵਿਚ ਇੰਜੀਨੀਅਰਾਂ ਅਤੇ ਡਾਕਟਰਾਂ ਨੇ ਵਿਦੇਸ਼ ਦੀ ਉਡਾਣ ਭਰੀ ਤਾਂ ਭਾਰਤੀਆਂ ਨੇ ਗੋਰਿਆਂ ਦੀ ਧਰਤੀ 'ਤੇ ਵੱਖਰੀ ਪਛਾਣ ਬਣਾ ਲਈ। ਪਿਛਲੇ ਕੁਝ ਸਾਲਾਂ ਤੋਂ ਕਾਲਜ ਵਿਦਿਆਰਥੀਆਂ ਦੇ ਜਹਾਜ਼ ਭਰ ਭਰ ਕੇ ਕੈਨੇਡਾ ਨੂੰ ਜਾਣ ਲੱਗੇ ਹਨ। ਲੱਖਾਂ ਰੁਪਏ ਖ਼ਰਚ ਕਰਕੇ ਵਿਦੇਸ਼ ਜਾ ਕੇ ਜਦੋਂ ਪੈਰ ਨਹੀਂ ਲਗਦੇ ਤਾਂ ਉਹ ਉਪਰਾਮ ਹੋਣ ਲਗਦੇ ਹਨ। ਪਹਿਲਾਂ ਪੜ੍ਹਾਈ ਦਾ ਬੋਝ, ਫਿਰ ਨੌਕਰੀ ਦੀ ਭਾਲ ਅਤੇ ਤੀਜਾ ਪੜਾਅ ਪੱਕੇ ਹੋਣ ਦਾ ਹੁੰਦਾ ਹੈ। ਜ਼ਿਆਦਾਤਰ ਭਾਰਤੀਆਂ ਦਾ ਇਸ ਚੱਕੀ ਵਿਚ ਪਿਸਦਿਆਂ ਦਿਲ ਡਰਨ ਲੱਗਾ ਹੈ ਅਤੇ ਉਹ ਪ੍ਰੇਸ਼ਾਨ ਹੋ ਕੇ ਤਣਾਅ ਦਾ ਸ਼ਿਕਾਰ ਹੋ ਕੇ ਰਹਿ ਗਏ ਹਨ। ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣੇ ਮੁਲਕ ਕੈਨੇਡਾ ਬਾਰੇ ਬੜੇ ਚਿੰਤਾਜਨਕ ਅੰਕੜੇ ਸਾਹਮਣੇ ਆਏ ਹਨ ਕਿ ਉੱਥੇ ਵਸਦਾ ਹਰ ਤੀਸਰਾ ਭਾਰਤੀ ਤਣਾਅ ਵਿਚ ਹੈ। ਪਿਛਲੇ ਛੇ ਸਾਲਾਂ ਵਿਚ ਘੋਰ ਉਦਾਸੀ ਦੀ ਵਜ੍ਹਾ ਕਰਕੇ ਮੌਤਾਂ ਦੀ ਗਿਣਤੀ ਵਿਚ ਪੰਜ ਗੁਣਾ ਵਾਧਾ ਹੋਇਆ ਹੈ। ਕੈਨੇਡਾ ਜਾਣ ਵਾਲੇ ਨੌਜਵਾਨ ਮੁੰਡੇ-ਕੁੜੀਆਂ ਉਮੀਦਾਂ ਦੇ ਬੋਝ ਥੱਲੇ ਦੱਬ ਕੇ ਰਹਿ ਗਏ ਹਨ।

ਪੜ੍ਹਾਈ ਪੂਰੀ ਹੋਣ ਤੋਂ ਬਾਅਦ ਪੈਰ ਨਾ ਲੱਗਣ ਕਰਕੇ ਮਾਨਸਿਕ ਬਿਮਾਰੀਆਂ ਦੀ ਜਕੜ ਵਿਚ ਆ ਗਏ ਹਨ। ਕਈਆਂ ਨੇ ਤਾਂ ਅੱਕ ਕੇ ਮੌਤ ਨੂੰ ਗਲੇ ਲਗਾ ਲਿਆ ਹੈ। ਅੰਕੜਿਆਂ ਮੁਤਾਬਿਕ 2018 ਵਿਚ ਅੱਠ ਭਾਰਤੀਆਂ ਦੀ ਭੇਦਭਰੀ ਹਾਲਤ ਵਿਚ ਮੌਤ ਹੋ ਗਈ ਸੀ। ਪਿਛਲੇ ਸਾਲ ਤਣਾਅ ਕਰਕੇ 23 ਮੌਤਾਂ ਹੋਈਆਂ, ਜਦ ਕਿ ਚਾਲੂ ਸਾਲ ਦੌਰਾਨ ਗਿਣਤੀ 36 ਨੂੰ ਪੁੱਜ ਚੁੱਕੀ ਹੈ। ਕੈਨੇਡਾ ਸਰਕਾਰ ਦੇ ਗ੍ਰਹਿ ਵਿਭਾਗ ਦੇ ਮੁਤਾਬਿਕ ਮਾਨਸਿਕ ਰੋਗ ਦਾ ਸ਼ਿਕਾਰ ਚਾਰ ਤੋਂ ਪੰਜ ਬੱਚਿਆਂ ਨੂੰ ਮੌਤ ਹਰ ਮਹੀਨੇ ਨਿਗਲਣ ਲੱਗੀ ਹੈ। 'ਖ਼ਾਲਸਾ ਏਡ' ਵਲੋਂ ਕਰਵਾਏ ਇਕ ਸਰਵੇਖਣ ਤੋਂ ਪਤਾ ਲੱਗਾ ਹੈ ਕਿ ਕੈਨੇਡਾ ਵਿਚ ਰਹਿੰਦੇ ਦਸ ਭਾਰਤੀ ਵਿਦਿਆਰਥੀਆਂ ਵਿਚੋਂ ਤਿੰਨ ਮਾਨਸਿਕ ਰੋਗ ਦਾ ਸ਼ਿਕਾਰ ਹਨ।

ਦਰਅਸਲ ਇਹ ਵੀ ਸਾਹਮਣੇ ਆਇਆ ਹੈ ਕਿ ਵੱਡੀ ਗਿਣਤੀ 'ਚ ਮਾਪਿਆਂ ਨੇ ਆਪਣੇ ਬੱਚੇ ਜ਼ਮੀਨ ਗਹਿਣੇ ਧਰ ਕੇ ਜਾਂ ਸੋਨਾ ਵੇਚ ਕੇ ਕੈਨੇਡਾ ਪੜ੍ਹਨ ਲਈ ਭੇਜੇ ਸਨ। ਪਰ ਉੱਥੋਂ ਦੇ ਨਵੇਂ ਹਾਲਾਤ ਵਿਚ ਵਿਦਿਆਰਥੀਆਂ ਵਾਸਤੇ ਮਾਪਿਆਂ ਨੂੰ ਕਰਜ਼ਾ ਉਤਾਰਨ ਲਈ ਪੈਸੇ ਭੇਜਣਾ ਤਾਂ ਵੱਖਰੀ ਗੱਲ ਉਨ੍ਹਾਂ ਦਾ ਆਪਣਾ ਵੀ ਪੂਰੀ ਤਰ੍ਹਾਂ ਢਿੱਡ ਨਹੀਂ ਭਰ ਰਿਹਾ। ਇਨ੍ਹਾਂ ਵਿਚੋਂ ਕਈ ਤਾਂ ਅਜਿਹੇ ਹਨ ਜਿਹੜੇ ਆਪਣੀ ਜ਼ਿੰਦਗੀ ਦਾ ਨਿਰਬਾਹ ਕਰਨ ਤੋਂ ਵੀ ਅਸਮਰਥ ਹਨ। ਫਿਰ ਉਹ ਘਰੋਂ ਹੋਰ ਪੈਸੇ ਮੰਗਵਾ ਨਹੀਂ ਸਕਦੇ, ਜਿਸ ਕਰਕੇ ਇਕੱਲਤਾ ਉਨ੍ਹਾਂ ਨੂੰ ਆਤਮ-ਹੱਤਿਆ ਦੇ ਰਾਹ ਪੈਣ ਲਈ ਮਜਬੂਰ ਕਰ ਦਿੰਦੀ ਹੈ। ਰਿਪੋਰਟ ਵਿਚ ਤਾਂ ਪੰਜਾਬ ਦੇ ਕਈ ਵਿਦਿਆਰਥੀਆਂ ਦੇ ਨਾਂਅ ਵੀ ਦਿੱਤੇ ਗਏ ਹਨ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਇਸੇ ਕਰਕੇ ਗਵਾ ਲਈ ਹੈ।

ਕੈਨੇਡਾ ਤੋਂ ਹੋਰ ਵੀ ਚਿੰਤਾਜਨਕ ਰਿਪੋਰਟਾਂ ਸਾਹਮਣੇ ਆਉਣ ਲੱਗੀਆਂ ਹਨ, ਜਿਨ੍ਹਾਂ ਮੁਤਾਬਿਕ ਉੱਥੇ ਵਸਦੇ ਵਿਦਿਆਰਥੀਆਂ ਨੂੰ ਦਿਲ ਦਾ ਦੌਰਾ ਨਿਗਲਣ ਲੱਗਾ ਹੈ। ਪਰ ਉਥੋਂ ਦੇ ਮੀਡੀਆ ਵਲੋਂ ਘੋਖ ਨਾਲ ਕੀਤੀ ਪੜਤਾਲ ਤੋਂ ਇਹ ਸਾਹਮਣੇ ਆਇਆ ਹੈ ਕਿ ਨਸ਼ੇ ਦੀ ਵੱਧ ਡੋਜ਼ ਅਤੇ ਮਿਲਾਵਟ ਮੌਤ ਦੀ ਵਜ੍ਹਾ ਬਣਨ ਲੱਗੀ ਹੈ।

ਇੰਟਰਨੈਸ਼ਨਲ ਸਿੱਖ ਸਟੂਡੈਂਟਸ ਐਸੋਸੀਏਸ਼ਨ ਦੇ ਬੁਲਾਰੇ ਗੁਰਤੇਜ ਸਿੰਘ ਦਾ ਕਹਿਣਾ ਹੈ ਕਿ ਕੈਨੇਡਾ ਆਉਣ ਵਾਲੇ ਜ਼ਿਆਦਾਤਰ ਵਿਦਿਆਰਥੀਆਂ ਦੀ ਉਮਰ 19 ਜਾਂ 20 ਸਾਲ ਹੁੰਦੀ ਹੈ ਅਤੇ ਉਹ ਕੈਨੇਡਾ ਦੀ ਮਾਰ ਨਹੀਂ ਝੱਲ ਸਕਦੇ। ਬੁਲਾਰੇ ਮੁਤਾਬਿਕ ਖ਼ੁਦਕੁਸ਼ੀਆਂ ਦਾ ਵੱਡਾ ਕਾਰਨ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਵਰਕ ਪਰਮਿਟ ਮਿਲਣ ਵਿਚ ਔਕੜਾਂ ਆ ਰਹੀਆਂ ਹਨ। ਜ਼ਿਕਰਯੋਗ ਹੈ ਕਿ ਪੰਜਾਬ ਤੋਂ ਹਰ ਸਾਲ ਢਾਈ ਲੱਖ ਭਾਰਤੀ ਵਿਦਿਆਰਥੀ ਕੈਨੇਡਾ ਨੂੰ ਵਿਦਿਆਰਥੀ ਵੀਜ਼ੇ ਉੱਤੇ ਜਾ ਰਹੇ ਹਨ। ਟੋਰਾਂਟੋ ਵਿਚ ਮਾਨਸਿਕ ਰੋਗਾਂ ਦੇ ਮਾਹਿਰ ਡਾ: ਐਮ.ਏ. ਗੁਪਤਾ ਦਾ ਮੰਨਣਾ ਹੈ ਕਿ ਘੋਰ ਉਦਾਸੀ ਵਿਚੋਂ ਦੀ ਲੰਘ ਰਹੇ ਵਿਦਿਆਰਥੀ ਨੂੰ ਢੁਕਵਾਂ ਇਲਾਜ ਨਹੀਂ ਮਿਲ ਰਿਹਾ। ਟੋਰਾਂਟੋ ਦੇ ਸਰਕਾਰੀ ਹਸਪਤਾਲ ਵਿਚ ਕੰਮ ਕਰਦੀ ਇਕ ਭਾਰਤੀ ਨਰਸ ਦਾ ਕਹਿਣਾ ਹੈ ਕਿ ਪਿਛਲੇ ਦੋ ਸਾਲਾਂ ਦੌਰਾਨ ਮਨੋਰੋਗ ਤੋਂ ਪੀੜਤ ਵਿਦਿਆਰਥੀਆਂ ਦੀ ਗਿਣਤੀ ਦੁੱਗਣੀ ਹੋ ਗਈ ਹੈ।

ਸਰਕਾਰੀ ਤੌਰ 'ਤੇ ਮਿਲੇ ਅੰਕੜਿਆਂ ਮੁਤਾਬਿਕ ਸਾਲ 2018 ਦੌਰਾਨ ਭਾਰਤ ਤੋਂ ਪੰਜ ਲੱਖ 17 ਹਜ਼ਾਰ ਵਿਦਿਆਰਥੀ ਵਿਦੇਸ਼ ਪੜ੍ਹਨ ਲਈ ਗਏ ਸਨ। ਉਸ ਤੋਂ ਅਗਲੇ ਸਾਲ ਇਹ ਗਿਣਤੀ ਵਧ ਕੇ 5 ਲੱਖ 80 ਹਜ਼ਾਰ ਹੋ ਗਈ ਸੀ, ਜਦ ਕਿ ਲੰਘੇ ਸਾਲ ਸੱਤ ਲੱਖ 51,000 ਵਿਦਿਆਰਥੀ ਬਾਹਰਲੇ ਦੇਸ਼ਾਂ ਵਿਚ ਪੜ੍ਹਨ ਗਏ ਸਨ। ਪੰਜਾਬ ਦੇ ਕੈਨੇਡਾ ਵਿਚ ਪੜ੍ਹਨ ਗਏ 30 ਹਜ਼ਾਰ ਵਿਦਿਆਰਥੀਆਂ ਦੇ ਸਿਰ ਉੱਤੇ 1800 ਕਰੋੜ ਕਰਜ਼ਾ ਹੈ। ਭਾਰਤੀ ਰਿਜ਼ਰਵ ਬੈਂਕ ਅਨੁਸਾਰ 1849 ਵਿਦਿਆਰਥੀ ਕਰਜ਼ਾ ਨਹੀਂ ਮੋੜ ਸਕੇ ਹਨ। ਬੈਂਕਾਂ ਨੂੰ ਹੁਣ ਤੱਕ ਉਚੇਰੀ ਸਿੱਖਿਆ ਲਈ ਲਏ ਗਏ ਕਰਜ਼ੇ ਦਾ 5263 ਕਰੋੜ ਰੁਪਿਆ ਵੱਟੇ ਖਾਤੇ ਪਾਉਣਾ ਪਿਆ ਹੈ। ਪਿਛਲੇ ਪੰਜ ਸਾਲਾਂ ਦੌਰਾਨ 39 ਕਰੋੜ ਰੁਪਏ ਤੋਂ ਵੱਧ ਰਕਮ ਕੈਨੇਡਾ ਨੂੰ ਪੜ੍ਹਾਈ ਦੀ ਫੀਸ ਦੇ ਰੂਪ ਵਿਚ ਗਈ ਹੈ।

ਕੈਨੇਡਾ ਵਿਚ ਬਾਹਰੋਂ ਆਉਣ ਵਾਲਿਆਂ ਲਈ ਹੁਣ ਹਾਲਾਤ ਪਹਿਲਾਂ ਜਿੰਨੇ ਸੁਖਾਵੇਂ ਨਹੀਂ ਰਹੇ। ਕੈਨੇਡਾ ਦੀ ਆਪਣੀ ਵਿੱਤੀ ਹਾਲਤ ਪਤਲੀ ਪੈ ਚੁੱਕੀ ਹੈ। ਇਥੋਂ ਤੱਕ ਕਿ ਮੁੱਢਲਾ ਆਧਾਰੀ ਢਾਂਚਾ ਵੀ ਲੜਖੜਾ ਗਿਆ ਹੈ। ਸਿਹਤ ਸੇਵਾਵਾਂ ਬਿਮਾਰ ਹੋ ਚੁੱਕੀਆਂ ਹਨ। ਹੁਣ ਹੌਲੀ-ਹੌਲੀ ਕੈਨੇਡਾ ਵਿਦਿਆਰਥੀਆਂ ਲਈ ਬੂਹੇ ਬੰਦ ਕਰਨ ਸੰਬੰਧੀ ਸੋਚਣ ਲੱਗਾ ਹੈ।

ਕੈਨੇਡਾ ਵਸਦੇ ਵਿਦਿਆਰਥੀ ਦੁਚਿੱਤੀ ਵਿਚ ਪੈ ਚੁੱਕੇ ਹਨ। ਪਰ ਉਨ੍ਹਾਂ ਨੂੰ ਕੋਈ ਕਿਨਾਰਾ ਨਜ਼ਰ ਨਹੀਂ ਆ ਰਿਹਾ ਹੈ। ਭਾਰਤ ਦੇ ਵਿਦਿਆਰਥੀਆਂ ਨੂੰ ਜੇ ਆਪਣੇ ਮੁਲਕ ਵਿਚ ਹੀ ਰੌਸ਼ਨ ਭਵਿੱਖ ਨਜ਼ਰ ਆਉਂਦਾ ਹੁੰਦਾ, ਤਾਂ ਉਹ ਕਰਜ਼ਾ ਚੁੱਕ ਕੇ ਵਿਦੇਸ਼ ਲਈ ਪੈਰ ਨਾ ਪੁੱਟਦੇ। ਦੇਸ਼-ਵਿਦੇਸ਼ ਦੀਆਂ ਸਰਕਾਰਾਂ ਨੂੰ ਭਵਿੱਖ ਦੀ ਘੁੰਮਣਘੇਰੀ ਵਿਚ ਫਸੇ ਵਿਦਿਆਰਥੀਆਂ ਦੀ ਬਾਂਹ ਫੜਨੀ ਚਾਹੀਦੀ ਹੈ। ਸਿਰਫ ਦਾਅਵਿਆਂ ਅਤੇ ਵਾਅਦਿਆਂ ਨਾਲ ਨਹੀਂ ਸਰਨਾ। ਵਿਦੇਸ਼ੀ ਧਰਤੀ 'ਤੇ ਰਹਿ ਰਹੇ ਵਿਦਿਆਰਥੀਆਂ ਨੂੰ ਇਸ ਔਖੀ ਘੜੀ ਵਿਚ ਕੌਂਸਲਿੰਗ ਦੀ ਲੋੜ ਹੈ, ਨਹੀਂ ਤਾਂ ਰਹਿੰਦੀ ਜੁਆਨੀ ਵੀ ਸਾਡੇ ਹੱਥੋਂ ਕਿਰ ਜਾਵੇਗੀ।

**-ਕਮਲਜੀਤ ਸਿੰਘ**







# ਕਹਿੰਦੇ-ਕਹਾਉਦੇ ਬੱਲੇਬਾਜ਼ਾਂ ਦੀ ਚੱਕਰੀ ਘੁੰਮਾਉਣ ਵਾਲਾ ਚਲੇ ਗਿਆ



ਨਵੀਂ ਦਿੱਲੀ: ਭਾਰਤ ਦੇ ਸਾਬਕਾ ਕ੍ਰਿਕਟ ਕਪਤਾਨ ਬਿਸ਼ਨ ਸਿੰਘ ਬੇਦੀ ਦਾ 77 ਸਾਲ ਦੀ ਉਮਰ ’ਚ ਸੋਮਵਾਰ ਦੇਹਾਂਤ ਹੋ ਗਿਆ। ਉਨ੍ਹਾ 12 ਸਾਲਾਂ ਦੇ ਕੌਮਾਂਤਰੀ ਕਰੀਅਰ ’ਚ 67 ਟੈਸਟ ਖੇਡੇ ਤੇ 266 ਵਿਕਟਾਂ ਲਈਆਂ। ਉਨ੍ਹਾ 10 ਇਕ ਦਿਨਾਂ ਮੈਚ ਖੇਡੇ ਤੇ 7 ਵਿਕਟਾਂ ਲਈਆਂ। ਅੰਮ੍ਰਿਤਸਰ ਦੇ ਜੰਮਪਲ ਬੇਦੀ, ਇਰਾਪੱਲੀ ਪ੍ਰਸੰਨਾ, ਬੀ ਐੱਸ ਚੰਦਰਸ਼ੇਖਰ ਅਤੇ ਐੱਸ ਵੈਂਕਟਰਾਘਵਨ ਦਾ ਆਪਣੇ ਜ਼ਮਾਨੇ ਵਿਚ ਸਪਿੰਨ ਗੇਂਦਬਾਜ਼ੀ ਵਿਚ ਦਬਦਬਾ ਰਿਹਾ।

ਬੇਦੀ ਨੇ ਟੈਸਟ ਕਰੀਅਰ ਦੀ ਸ਼ੁਰੂਆਤ 31 ਦਸੰਬਰ 1966 ਨੂੰ ਕੋਲਕਾਤਾ ਦੇ ਇਤਿਹਾਸਕ ਸਟੇਡੀਅਮ ਈਡਨ ਗਾਰਡਨ ਵਿਖੇ ਕੀਤੀ, ਜਦੋਂ ਕਿ ਅਗਸਤ-ਸਤੰਬਰ 1979 ’ਚ ਓਵਲ ਵਿਖੇ ਇੰਗਲੈਂਡ ਵਿਰੁੱਧ ਆਪਣਾ ਆਖਰੀ ਟੈਸਟ ਖੇਡਿਆ। ਪਹਿਲਾ ਇਕ ਦਿਨਾ ਮੈਚ ਇੰਗਲੈਂਡ ਖਿਲਾਫ 13 ਜੁਲਾਈ 1974 ਨੂੰ ਲਾਰਡਜ਼ ਵਿਖੇ ਖੇਡਿਆ ਗਿਆ ਸੀ, ਜਦਕਿ ਆਖਰੀ ਇਕ ਦਿਨਾ ਮੈਚ ਸ੍ਰੀਲੰਕਾ ਖਿਲਾਫ 16 ਜੂਨ 1979 ਨੂੰ ਮੈਨਚੈਸਟਰ ਵਿਖੇ ਖੇਡਿਆ ਸੀ।ਕਹਿੰਦੇ-ਕਹਾਉਦੇ ਬੱਲੇਬਾਜ਼ਾਂ ਦੀ ਚੱਕਰੀ ਘੁੰਮਾਉਣ ਵਾਲੇ ਬੇਦੀ ਨੇ 1975 ਵਿਚ ਵਰਲਡ ਕੱਪ ਵੀ ਖੇਡਿਆ। ਉਨ੍ਹਾ ਈਸਟ ਅਫਰੀਕਾ ਤੇ ਨਿਊ ਜ਼ੀਲੈਂਡ ਵਿਰੁੱਧ ਮੈਚ ਖੇਡੇ ਤੇ ਇਕ-ਇਕ ਵਿਕਟ ਲਈ। ਉਨ੍ਹਾ ਈਸਟ ਅਫਰੀਕਾ ਖਿਲਾਫ 12 ਓਵਰਾਂ ਵਿਚ 8 ਮੇਡਨ ਸੁੱਟੇ ਤੇ 6 ਦੌੜਾਂ ਹੀ ਦਿੱਤੀਆਂ।


ਬੇਦੀ ਨੇ ਦੋ ਵਿਆਹ ਕਰਾਏ। 1967-68 ਵਿਚ ਆਸਟਰੇਲੀਆ ਦੌਰੇ ਦੌਰਾਨ ਮੈਲਬਰਨ ਵਿਚ ਉਨ੍ਹਾ ਦੀ ਗਲੇਨਿਥ ਨਾਲ ਮੁਲਾਕਾਤ ਹੋਈ, ਜਿਹੜੀ ਵਿਆਹ ਵਿਚ ਬਦਲ ਗਈ। ਕੁਝ ਸਾਲ ਬਾਅਦ ਉਨ੍ਹਾ ਦੇ ਬੇਟਾ ਹੋਇਆ, ਜਿਸ ਦਾ ਨਾਂਅ ਉਨ੍ਹਾ ਗਾਵਸ ਇੰਦਰ ਸਿੰਘ ਰੱਖਿਆ। ਗਾਵਸ ਸੁਨੀਲ ਗਾਵਸਕਰ ਦੇ ਨਾਂਅ ਤੋਂ ਲਿਆ ਗਿਆ। ਪਹਿਲੇ ਵਿਆਹ ਤੋਂ ਧੀ ਗਿਲਇੰਦਰ ਵੀ ਪੈਦਾ ਹੋਈ। ਕੁਝ ਸਾਲਾਂ ਬਾਅਦ ਬੇਦੀ ਤੇ ਗਲੇਨਿਥ ਦਾ ਤਲਾਕ ਹੋ ਗਿਆ। ਦੂਜਾ ਵਿਆਹ ਅੰਜੂ ਨਾਲ ਹੋਇਆ ਅਤੇ ਬੇਟਾ ਅੰਗਦ ਤੇ ਧੀ ਨੇਹਾ ਪੈਦਾ ਹੋਏ। ਅੰਗਦ ਬੇਦੀ ਮਾਡਲ ਤੇ ਐਕਟਰ ਹੈ। ਉਹ ਪਿਛਲੇ ਦੋ ਸਾਲਾਂ ਤੋਂ ਢਿੱਲੇ ਚੱਲ ਰਹੇ ਸਨ। ਇਕ ਮਹੀਨਾ ਪਹਿਲਾਂ ਉਨ੍ਹਾ ਦੇ ਗੋਡੇ ਦੀ ਸਰਜਰੀ ਵੀ ਹੋਈ ਸੀ।

ਬੇਦੀ ਬਾਰੇ ਉਨ੍ਹਾ ਦੀ ਧੀ ਨੇਹਾ ਬੇਦੀ ਨੇ ਕਿਤਾਬ ‘ਸਰਦਾਰ ਆਫ ਸਪਿੰਨ’ ਲਿਖੀ ਸੀ। ਉਸ ਵਿਚ ਸਚਿਨ ਤੇਂਦੂਲਕਰ ਨੇ ਲਿਖਿਆ ਸੀਬੇਦੀ 1990 ਵਿਚ ਜਦੋਂ ਭਾਰਤੀ ਟੀਮ ਦੇ ਕੋਚ ਸਨ ਤਾਂ ਨੈੱਟ ’ਤੇ ਸਖਤੀ ਨਾਲ ਪੇਸ਼ ਆਉਦੇ ਸਨ। ਨੈੱਟ ਦੇ ਬਾਹਰ ਮੈਨੂੰ ਬੇਟੇ ਦੀ ਤਰ੍ਹਾਂ ਮੰਨਦੇ ਸਨ।


UNIVERSAL TENT RENTAL LTD.

PARTY RENTALS
• Chair Rentals
• Tables Rentals
• Audio/Visual
• Linens Rentals
• BBQ'S Rentals
• Portable Bar
• Carpet
• Dance Floor
• Lighting
• Decor & More.



Call today to book
your special event
Jaswinder (Jessie) Thandi
Ph: 604.951.2905
Cell: 604.825.8588

Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ,
ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ
ਮਿਲਦਾ ਹੈ

NOW HIRING
Email: info@universaltent.ca
www.universaltent.ca



UNIVERSAL BUILDING MAINTENANCE LTD.
Since 1987




*RESIDENTIAL *COMMERCIAL *INDUSTRIAL

• Pressure Washing
• Carpet Cleaning
• Driveway Washing & Sealing
• Gutter Cleaning
• Floor Cleaning
• Waxing & Sealing
• New House Cleaning


Fast & Quality Service Reasonable Rates

Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com



The Grand Taj

THE GRAND TAJ
BANQUET HALL
Khalsa Business Centre, 84th Ave. & 128th St., Surrey




CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special



DREAM BANQUET HALL
Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events
Capacity
350-375 seats
Dream Catering "Your Venue, Our Food"
We provide various Menu
Options to choose
ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜ਼ਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ
For Bookings, Contact: 604-203-7272
7236 -120St, Surrey, BC
Email:info@dreambanquethall.ca





ਕੀ ਤੁਹਾਨੂੰ ਆਪਣੇ ਡਾਕਟਰ ਨਾਲ
ਅੰਗਰੇਜ਼ੀ ਵਿੱਚ ਗੱਲ ਬਾਤ ਕਰਨ
ਵਿੱਚ ਮੁਸ਼ਕਲ ਆਉਂਦੀ ਹੈ ?
ਤੁਹਾਡੇ ਲਈ ਮੁਫ਼ਤ ਮੈਡੀਕਲ
ਅਨੁਵਾਦਕ ਉਪਲਬਧ ਹਨ !
ਅਸੀਂ ਕੌਣ ਹਾਂ ?
ਵੋਲੈਂਟੀਆ ਹੈਲਥਕੇਅਰ ਟ੍ਰਾਂਸਲੇਸ਼ਨ ਯੂ.ਬੀ.ਸੀ. ਦੀ ਇੱਕ ਸੰਸਥਾ ਹੈ ਜੋ ਅੰਗਰੇਜ਼ੀ ਦੀ ਘੱਟ ਸਮਝ ਵਾਲੇ ਮਰੀਜ਼ਾਂ ਲਈ ਮੁਫ਼ਤ ਸਿਹਤ ਸੰਭਾਲ ਅਨੁਵਾਦ ਸੇਵਾਵਾਂ ਪ੍ਰਦਾਨ ਕਰਦੀ ਹੈ।
ਕਿਸੇ ਵੀ ਸਵਾਲ ਲਈ ਈਮੇਲ ਰਾਹੀਂ ਸੰਪਰਕ ਕਰੋ
ubcvolentia@gmail.com
THE UNIVERSITY OF BRITISH COLUMBIA
ਮੁਫ਼ਤ ਅਨੁਵਾਦਕ ਨੂੰ ਬੁੱਕ ਕਰਨ ਲਈ ਹੇਠਾਂ ਦਿੱਤੇ ਕੋਡ ਨੂੰ ਆਪਣੇ ਫੋਨ ਦੇ ਕੈਮਰੇ ਨਾਲ ਸਕੈਨ ਕਰੋ :
linktr.ee/volentia




LANGLEY
BANQUET HALL
ਵਿਆਹ-ਸ਼ਾਦੀ, ਜਨਮ ਦਿਨ ਜਾ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ ਬੈਂਕੁਇਟ ਹਾਲ
ਬੁੱਕ ਕਰੋ।
• Wedding • Corporate Events
• Private Dinner • Bithday Parties
• Gurudwara and Live Catering
ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ
ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।
Call:Davinder Grewal
604-537-9759
info@langleybanquethall.com
3227 264 St UNIT #6, Aldergrove, BC V4W 2X3




ਇੰਡੋ-ਕੈਨੇਡਾ ਟਰੈਵਲ ਏਜੰਸੀ
INDO CANADA
TRAVEL AGENCY
ਘੱਟ ਕਿਰਾਇਆ - ਸਹੀ ਸਲਾਹ
Best Airfares with Quality Assistance
ਇੰਡੀਆ ਅਤੇ ਦੁਨੀਆਂ ਭਰ ਵਿੱਚ ਕਿਤੇ ਵੀ ਜਾਣ-ਆਉਣ ਲਈ
ਸਪੈਸ਼ਲ ਰੇਟ ਤੇ ਟਿੱਕਟਾਂ ਖ਼ਰੀਦੋ
+1 604 388 9696 , 604 503 8011
#217-8028-128St, Surrey, BC
(Little India Plaza) (Second Floor)


THE UNTOLD STORY OF
SHAHEED KARTAR SINGH SARABHA
SARABHA DRIVING SCHOOL
CHILLIWACK DRIVING SCHOOL
AMRIT GREWAL SARABHA
&
SARABHA DRIVING SCHOOL
PRESENTS
ਹਿੰਦ ਵਾਸੀਓ ਰੱਖਣਾ ਯਾਦ ਸਾਨੂੰ
ਕਿਤੇ ਦਿਲੋਂ ਨਾ ਭੁਲਾ ਦੇਣਾ
ਸ਼ਹੀਦ ਕਰਤਾਰ ਸਿੰਘ ਸਰਾਭਾ
ਦੀ ਉਹ ਕਹਾਣੀ ਜੋ ਕਦੀ ਨਹੀਂ ਸੁਣਾਈ ਗਈ
SARABHA
A FILM BY KAVI RAZ
ਸਰਾਭਾ
PRODUCERS: ARVIND SINGLA | KULDEEP SHARMA | VEEPASHA KASHYAP | SARBJIT HUNDAL | ANIL UPPAL | ANIL YADAV | KAVI RAZ
AMRIT GREWAL SARABHA | JATINDER JAY MINHAS. STARRING: JAPTEJ SINGH | MUKUL DEV | KAVI RAZ | KANWAR GREWAL | JASBIR JASSI
PRITHVI RAAJ SINGH SIDHU JASPINDER CHEEMA | MALKEET RAUNI | MAHABIR BHULLAR | MALKIAT MEET | ANKUR RATHEE
SUMEND WANKHANDE | GURPREET RATOL | AMANINDER DHILLON | SAMEER SHARMA | AKAASH YADAV | SHARHAAN SINGH | KABIR GILL
DARREN TASSELL | ALEX REECE | SPECIAL APPEARANCE: JOBANPREET SINGH. EXECUTIVE PRODUCER: SWARAN SINGH
DIRECTOR OF PHOTOGRAPHY (INDIA): INDERJIT BANSEL | (USA): AARON C SMITH
MUA: REGINA SCHIMER | COSTUME DESIGNER: SUNNY BINNING | PRODUCTION DESIGNER: ASHISH KAUSHAL
EDITOR: HARPER GAHUNIA | BACKGROUND SCORE: SHEZAN SHEIKH | MUSIC BY: ONKAR MINHAS | SAAJID SALAAM | DYA SINGH.
FIRST ASSIT. DIRECTOR: VICKEY KADAM | ASSIT. DIRECTOR: MALKIAT MEET | PUBLICITY DESIGNER: MILROY GOES
WRITTEN & DIRECTED BY KAVI RAZ
RELEASING WORLDWIDE IN CINEMAS
3RD NOVEMBER 2023

OZLA

# OZLA FURNITURE

## ALL KINDS OF DESIGNER, MODERN AND CUSTOM FURNITURE






















*CUSTOM BEDROOM SUITES

*BOX BEDS *HEADBOARDS

*DRESSERS *CHESTS

*MIRROR *SIDE TABLES

**MADE IN CANADA**

ਅਸੀਂ ਆਪਣੀ ਫੈਕਟਰੀ ਵਿਚ ਆਪਣਾ ਸਾਰਾ ਸਮਾਨ ਵਧੀਆ ਕੁਆਲਿਟੀ ਦਾ ਬਣਾਉਂਦੇ ਹਾਂ।
ਅਸੀਂ ਆਪ ਮੈਨੂਫੈਕਚੁਅਰ ਹਾਂ।ਸਾਡੀ ਫਰਨੀਚਰ ਕੁਆਲਿਟੀ ਨੂੰ ਕੋਈ ਬੀਟ ਨਹੀਂ ਕਰ ਸਕਦਾ।

Business Hours:
Mon-Fri 6am to 2pm
Saturday/Sunday:Closed

**604-372-2122**

Email:info@ozla.ca

#109-18669 52 AVE SURREY, BC

www.ozla.ca

ਦੇਗ ਤੇਗ ਫਤਹਿ

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*28 ਅਕਤੂਬਰ ਦਿਨ ਸ਼ਨਿਚਰਵਾਰ ਸ਼ਾਮ ਦੇ ਲੰਗਰਾਂ ਦੀ ਸੇਵਾ ਸਮੂਹ ਸੰਗਤ ਪਿੰਡ ਸੰਘੇੜਾ ਵੱਲੋਂ ਹੋਵੇਗੀ।

*28 ਅਕਤੂਬਰ ਦਿਨ ਸ਼ਨਿਚਰਵਾਰ ਰਾਜਦੀਪ ਸਿੰਘ ਬਰਾੜ ਪਰਿਵਾਰ ਵੱਲੋਂ ਅਨੰਦਕਾਰਜ ਦੀ ਰਸਮ ਹੋਵੇਗੀ।

*28 ਅਕਤੂਬਰ ਦਿਨ ਸ਼ਨਿਚਰਵਾਰ ਬਲਜੀਤ ਸਿੰਘ ਧਾਲੀਵਾਲ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

*29 ਅਕਤੂਬਰ ਦਿਨ ਐਤਵਾਰ ਮਹੰਤ ਪੂਰਨ ਦਾਸ ਜੀ ਦੀ ਬਰਸੀ ਤੇ ਸਮੂਹ ਸੰਗਤ ਰਾਜਾ ਸਾਹਿਬ ਪਿੰਡ ਮਜਾਰਾ ਵੱਲੋਂ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

*29 ਅਕਤੂਬਰ ਦਿਨ ਐਤਵਾਰ ਜਮਸੇਰ ਸਿੰਘ ਪਰਿਵਾਰ ਵੱਲੋਂ ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

*29 ਅਕਤੂਬਰ ਦਿਨ ਐਤਵਾਰ ਰਵਿੰਦਰ ਸਿੰਘ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾਣਗੇ।

**29 ਅਕਤੂਬਰ ਦਿਨ ਐਤਵਾਰ ਨੂੰ ਸਵੇਰ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਫਲੂ ਦੇ ਟੀਕੇ ਲਗਾਏ ਜਾਣਗੇ।**

## ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਸੁਰਿੰਦਰਪਾਲ ਸਿੰਘ ਜੀ ਹੁਸ਼ਿਆਰਪੁਰ ਵਾਲਿਆਂ ਦਾ ਜਥਾ,
ਭਾਈ ਭਗਤਜੀਤ ਸਿੰਘ ਜਲੰਧਰ ਵਾਲਿਆਂ ਦਾ ਜਥਾ
*ਕਥਾ ਵਾਚਕ-ਭਾਈ ਬਲਵੀਰ ਸਿੰਘ ਗਹੌਰ
*ਢਾਡੀ ਜਥਾ:ਬੀਬੀ ਬਲਵਿੰਦਰ ਕੌਰ ਖਹਿਰਾ



ਬੀਬੀ ਬਲਵਿੰਦਰ ਕੌਰ ਖਹਿਰਾ ਦਾ ਢਾਡੀ ਜਥਾ

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

## ਗੁਰਦੁਆਰਾ ਸਾਹਿਬ:604-504-5530

ਬਲਵੀਰ ਸਿੰਘ ਬਨਵੈਤ (ਪ੍ਰਧਾਨ) 604-636-4247, ਮਨਜੀਤ ਸਿੰਘ ਗਰੇਵਾਲ (ਜਨਰਲ ਸੈਕਟਰੀ):778-908-1570

ਭਾਈ ਹਰਜੀਤ ਸਿੰਘ (ਹੈੱਡ ਗ੍ਰੰਥੀ)778-201-5310, ਭਾਈ ਬਲਵਿੰਦਰ ਸਿੰਘ (ਗ੍ਰੰਥੀ), ਭਾਈ ਹੁਸ਼ਿਆਰ ਸਿੰਘ (ਗ੍ਰੰਥੀ)


# ਜੰਗ ਵਧਣ ਦੇ ਆਸਾਰ:ਦੁਨੀਆਂ ਖਤਰੇ ਵਿੱਚ

ਹਮਾਸ-ਇਜ਼ਰਾਈਲ ਜੰਗ ਸ਼ੁਰੂ ਹੋਇਆਂ ਤਿੰਨ ਹਫਤੇ ਬੀਤ ਚੁੱਕੇ ਹਨ। ਹੁਣ ਤੱਕ 6 ਹਜ਼ਾਰ ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ ਤੇ ਵੱਡੀ ਗਿਣਤੀ ਵਿੱਚ ਜ਼ਖ਼ਮੀ ਹੋਏ ਹਨ। ਮਰਨ ਵਾਲਿਆਂ ਵਿੱਚ 1400 ਇਜ਼ਰਾਈਲ ਤੇ 5 ਹਜ਼ਾਰ ਤੋਂ ਵੱਧ ਗਾਜ਼ਾ ਪੱਟੀ ਦੇ ਹਨ। ਹਮਾਸ ਨੇ ਦੱਸਿਆ ਹੈ ਕਿ ਮਰਨ ਵਾਲਿਆਂ ਵਿੱਚ 40 ਫ਼ੀਸਦੀ ਬੱਚੇ ਹਨ। ਅਮਰੀਕਾ ਤੇ ਪੱਛਮੀ ਦੇਸ਼ ਇਜ਼ਰਾਈਲ ਦੀ ਪਿੱਠ ’ਤੇ ਹਨ। ਅਮਰੀਕੀ ਰਾਸ਼ਟਰਪਤੀ ਬਾਇਡੇਨ, ਬਰਤਾਨਵੀ ਪ੍ਰਧਾਨ ਮੰਤਰੀ ਸੂਨਕ ਤੇ ਫ਼ਰਾਂਸ ਦੇ ਰਾਸ਼ਟਰਪਤੀ ਮੈਕ੍ਰੋਂ ਇਜ਼ਰਾਈਲ ਦਾ ਦੌਰਾ ਕਰਕੇ ਨੇਤਨਯਾਹੂ ਦੀ ਪਿੱਠ ਥਪਥਪਾ ਚੁੱਕੇ ਹਨ।

ਇਸ ਸਮੇਂ ਇੰਜ ਲੱਗ ਰਿਹਾ ਹੈ ਕਿ ਅਮਰੀਕਾ ਸਿੱਧੇ ਤੌਰ ’ਤੇ ਲੜਾਈ ਵਿੱਚ ਸ਼ਾਮਲ ਹੋ ਚੁੱਕਾ ਹੈ। ਅਮਰੀਕਾ ਨੇ ਆਪਣੇ ਦੋ ਸਮੁੰਦਰੀ ਜੰਗੀ ਜਹਾਜ਼ ਇਜ਼ਰਾਈਲ ਦੇ ਪਾਣੀਆਂ ਵਿੱਚ ਭੇਜ ਦਿੱਤੇ ਹਨ। ਉਸ ਦੇ ਜ਼ਮੀਨੀ ਲੜਾਈ ਦੇ ਮਾਹਰ ਕਮਾਂਡਰ ਤੇ ਕੁਝ ਹੋਰ ਫੌਜੀ ਅਧਿਕਾਰੀ ਇਜ਼ਰਾਈਲ ਵੱਲੋਂ ਗਾਜ਼ਾ ਪੱਟੀ ’ਤੇ ਸੰਭਾਵਤ ਜ਼ਮੀਨੀ ਹਮਲੇ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਇਜ਼ਰਾਈਲ ਵਿੱਚ ਤਾਇਨਾਤ ਹਨ। ਅਮਰੀਕੀ ਰੱਖਿਆ ਮੰਤਰੀ ਲਾਇਡ ਆਸਟਿਨ ਇਜ਼ਰਾਈਲੀ ਰੱਖਿਆ ਮੰਤਰੀ ਯੋਵ ਗੈਲੇਂਟ ਨਾਲ ਲੱਗਭੱਗ ਰੋਜ਼ਾਨਾ ਫੋਨ ਕਾਲ ਰਾਹੀਂ ਹਾਲਾਤ ਦਾ ਜਾਇਜ਼ਾ ਲੈਂਦੇ ਰਹਿੰਦੇ ਹਨ। ਵ੍ਹਾਈਟ ਹਾਊਸ ਦੇ ਕੌਮੀ ਸੁਰੱਖਿਆ ਬੁਲਾਰੇ ਜਾਨ ਕਿਰਬੀ ਨੇ ਪੱਤਰਕਾਰਾਂ ਨੂੰ ਦੱਸਿਆ ਸੀ ਕਿ ਅਮਰੀਕਾ ਨੇ ਇਜ਼ਰਾਈਲੀ ਫੌਜ ਨੂੰ ਸਲਾਹ ਦੇਣ ਲਈ ਆਪਣੇ ਮੁੱਖ ਸੈਨਾ ਅਧਿਕਾਰੀਆਂ ਨੂੰ ਭੇਜਿਆ ਹੈ, ਜਿਨ੍ਹਾਂ ਕੋਲ ਇਜ਼ਰਾਈਲ ਵੱਲੋਂ ਲੜੀ ਜਾ ਰਹੀ ਜੰਗ ਵਰਗੀਆਂ ਮੁਹਿੰਮਾਂ ਦਾ ਤਜਰਬਾ ਹੈ। ਅਮਰੀਕਾ ਨੇ ਆਪਣੇ ਆਧੁਨਿਕ ਜੰਗੀ ਹਵਾਈ ਜਹਾਜ਼ਾਂ ਦੀ ਖੇਪ ਵੀ ਇਜ਼ਰਾਈਲ ਵਿੱਚ ਭੇਜ ਦਿੱਤੀ ਹੈ। ਉਸ ਨੇ ਆਪਣੇ 2000 ਫੌਜੀਆਂ ਨੂੰ ਵੀ 24 ਘੰਟਿਆਂ ਅੰਦਰ ਤਿਆਰ ਰਹਿਣ ਦਾ ਆਦੇਸ਼ ਦਿੱਤਾ ਹੈ।

ਇਸ ਦੌਰਾਨ ਖਾੜੀ ਦੇ ਦੇਸ਼ਾਂ ਵਿੱਚ ਇਜ਼ਰਾਈਲ ਵਿਰੋਧੀ ਭਾਵਨਾਵਾਂ ਤਿੱਖੀਆਂ ਹੋ ਰਹੀਆਂ ਹਨ। ਅਮਰੀਕਾ ਤੇ ਬਾਕੀ ਪੱਛਮੀ ਦੇਸ਼ ਗਾਜ਼ਾ ਪੱਟੀ ’ਤੇ ਜ਼ਮੀਨੀ ਹਮਲੇ ਪ੍ਰਤੀ ਹਾਲੇ ਤਿਆਰ ਨਹੀਂ ਹਨ। ਇਸ ਵੇਲੇ ਖਾੜੀ ਦੇ ਦੇਸ਼ ਪੱਛਮ ਤੇ ਪੂਰਬ ਲਈ ਅਹਿਮ ਹੋ ਚੁੱਕੇ ਹਨ। ਗਲੋਬਲ ਸਾਊਥ ਯਾਨਿ ਅਫ਼ਰੀਕਾ, ਏਸ਼ੀਆ ਅਤੇ ਲਾਤੀਨੀ ਅਮਰੀਕਾ ਦੇ ਦੇਸ਼ਾਂ ਨੇ ਗਾਜ਼ਾ ਉਪਰ ਇਜ਼ਰਾਈਲੀ ਹਮਲੇ ਲਈ ਅਮਰੀਕੀ ਰੁਖ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਯੂਕਰੇਨ ’ਤੇ ਰੂਸੀ ਹਮਲੇ ਸਮੇਂ ਤਾਂ ਅਮਰੀਕਾ ਨੇ ਰੂਸ ’ਤੇ ਪਾਬੰਦੀਆਂ ਲਾ ਦਿੱਤੀਆਂ ਸਨ, ਪਰ ਗਾਜ਼ਾ ’ਤੇ ਹਮਲੇ ਲਈ ਉਹ ਇਜ਼ਰਾਈਲ ਨੂੰ ਹੱਲਾਸ਼ੇਰੀ ਦੇ ਰਿਹਾ ਹੈ, ਇਹ ਦੋਹਰਾ ਮਾਪਦੰਡ ਹੈ। ਇਹ ਦੋਸ਼ ਲਾਉਣ ਵਾਲਿਆਂ ਵਿੱਚ ਅਰਬ ਦੇਸ਼ਾਂ ਤੋਂ ਇਲਾਵਾ ਯੂਰੇਸ਼ਿਆ ਗਰੁੱਪ ਦੇ ਦੇਸ਼ ਤੇ ਲਾਤੀਨੀ ਅਮਰੀਕਾ ਦੇ ਦੇਸ਼ ਸ਼ਾਮਲ ਹਨ। ਮਿਸਰ, ਜਾਰਡਨ, ਸਾਊਦੀ ਅਰਬ ਵਰਗੇ ਅਰਬ ਦੇਸ਼ਾਂ ਦੇ ਮੁਖੀਆਂ ਨੇ ਸ਼ਾਂਤੀ ਸਿਖਰ ਸੰਮੇਲਨ ਕਰਕੇ ਇਜ਼ਰਾਈਲ ਵੱਲੋਂ ਗਾਜ਼ਾ ਪੱਟੀ ਦੇ ਨਾਗਰਿਕਾਂ ਲਈ ਭੋਜਨ ਤੇ ਪਾਣੀ ਆਦਿ ਬੰਦ ਕਰਨ ਦੀ ਨਿਖੇਧੀ ਕਰਦਿਆਂ ਇਸ ਨੂੰ ਜੰਗੀ ਅਪਰਾਧ ਕਿਹਾ ਹੈ। ਯੂਰਪੀ ਸੰਘ ਦੇ ਆਗੂ ਜੋਸੇਪ ਬੋਰੇਲ ਨੇ ਯੂਰਪੀ ਸੰਸਦ ਵਿੱਚ ਬੋਲਦਿਆਂ ਪਾਣੀ ਬੰਦੀ ਨੂੰ ਕੌਮਾਂਤਰੀ ਕਾਨੂੰਨਾਂ ਦੀ ਉਲੰਘਣਾ ਕਿਹਾ ਹੈ। ਇਸ ਜੰਗ ਬਾਰੇ ਪੂਰਬ ਦੇ ਦੇਸ਼ਾਂ ਦੀ ਮਿਲੀਜੁਲੀ ਪ੍ਰਤੀਕ੍ਰਿਆ ਆਈ ਹੈ। ਚੀਨ ਨੇ ਜਿੱਥੇ ਹਮਾਸ ਦੀ ਨਿੰਦਾ ਕੀਤੀ ਹੈ, ਉੱਥੇ ਇਜ਼ਰਾਈਲ ਵੱਲੋਂ ਫਲਸਤੀਨੀਆਂ ਦੇ ਨਸਲਘਾਤ ਦਾ ਵੀ ਵਿਰੋਧ ਕੀਤਾ ਹੈ। ਰੂਸ ਤੇ ਹੋਰ ਏਸ਼ੀਆਈ ਦੇਸ਼ਾਂ ਦੀ ਪ੍ਰਤੀਕ੍ਰਿਆ ਵੀ ਇਸ ਦੇ ਨਾਲ ਮਿਲਦੀ-ਜੁਲਦੀ ਹੈ। ਖਾੜੀ ਦੇ ਦੇਸ਼ ਚੀਨ ਤੇ ਰੂਸ ਲਈ ਵੀ ਅਹਿਮ ਹਨ। ਹਾਲਾਂਕਿ ਚੀਨ ਲਗਾਤਾਰ ਕੋਸ਼ਿਸ਼ ਕਰ ਰਿਹਾ ਹੈ ਕਿ ਇਜ਼ਰਾਈਲ-ਫਲਸਤੀਨ ਮਸਲੇ ਦੇ ਹੱਲ ਲਈ ਸਭ ਤੋਂ ਪਹਿਲਾਂ ਜੰਗਬੰਦੀ ਜ਼ਰੂਰੀ ਹੈ, ਪਰ ਜੇ ਜੰਗ ਲੰਮੀ ਹੁੰਦੀ ਹੈ ਤਾਂ ਉਸ ਦੇ ਇਸ ਜੰਗ ਵਿੱਚ ਕੁੱਦਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਤਾਜ਼ੀਆਂ ਖ਼ਬਰਾਂ ਮੁਤਾਬਕ ਚੀਨ ਨੇ ਆਪਣੇ ਛੇ ਸਮੁੰਦਰੀ ਜੰਗੀ ਜਹਾਜ਼ ਖਾੜੀ ਦੇ ਪਾਣੀਆਂ ਵਿੱਚ ਤਾਇਨਾਤ ਕਰ ਦਿੱਤੇ ਹਨ। ਪਿਛਲੇ ਹਫਤੇ ਉਸ ਦੀ 44ਵੀਂ ਨੇਵੀ ਫੌਜੀ ਟਾਸਕ ਫੋਰਸ ਨੇ ਓਮਾਨ ਦੀ ਸਮੁੰਦਰੀ ਫੌਜ ਨਾਲ ਸੰਯੁਕਤ ਅਭਿਆਸ ਵਿੱਚ ਹਿੱਸਾ ਲਿਆ ਸੀ। ਇਸ ਅਭਿਆਸ ਦੇ ਬਾਅਦ ਚੀਨੀ ਫੌਜੀ ਉੱਥੇ ਹੀ ਟਿਕੇ ਹੋਏ ਹਨ। ਇਹ ਜੰਗੀ ਸਮੁੰਦਰੀ ਜਹਾਜ਼ ਮਿਜ਼ਾਈਲਾਂ ਨਾਲ ਲੈਸ ਹਨ। ਹਾਲਤ ਦਿਨੋ-ਦਿਨ ਵਿਗੜ ਰਹੇ ਹਨ, ਜੋ ਸੰਸਾਰ ਅਮਨ ਲਈ ਚਿੰਤਾ ਦਾ ਵਿਸ਼ਾ ਹਨ।

## ਓਬਾਮਾ ਦੀ ਇਜ਼ਰਾਈਲ ਨੂੰ ਚਿਤਾਵਨੀ



ਵਾਸ਼ਿੰਗਟਨ: ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਇਜ਼ਰਾਈਲ ਨੂੰ ਚਿਤਾਵਨੀ ਦਿੱਤੀ ਹੈ ਕਿ ਹਮਾ ਦੇ ਖਿਲਾਫ ਜੰਗ ‘ਚ ਉਸ ਦੀਆਂ ਕੁਝ ਕਾਰਵਾਈਆਂ, ਜਿਵੇਂ ਕਿ ਗਾਜ਼ਾ ਲਈ ਭੋਜਨ ਅਤੇ ਪਾਣੀ ਨੂੰ ਕੱਟਣਾ, ਉਸ ਪ੍ਰਤੀ ਕੌਮਾਂਤਰੀ ਸਮਰਥਨ ਨੂੰ ਕਮਜ਼ੋਰ ਕਰ ਸਕਦੀਆਂ ਹਨ। ਓਬਾਮਾ ਨੇ ਇਜ਼ਰਾਈਲ ਦੀ ਹਮਾਇਤ ਕੀਤੀ, ਪਰ ਨਾਲ ਹੀ ਕਿਹਾ ਕਿ ਕੋਈ ਵੀ ਇਜ਼ਰਾਈਲੀ ਫੌਜੀ ਰਣਨੀਤੀ, ਜੋ ਮਾਨਵੀ ਕਦਰਾਂ ਨੂੰ ਨਜ਼ਰਅੰਦਾਜ਼ ਕਰਦੀ ਹੈ, ਆਖਰਕਾਰ ਉਲਟ ਹੋ ਸਕਦੀ ਹੈ। ਗਾਜ਼ਾ ‘ਚ ਭੋਜਨ, ਪਾਣੀ ਅਤੇ ਬਿਜਲੀ ਕੱਟਣ ਦੇ ਇਜ਼ਰਾਈਲੀ ਸਰਕਾਰ ਦੇ ਫੈਸਲੇ ਨਾਲ ਨਾ ਸਿਰਫ ਮਨੁੱਖੀ ਸੰਕਟ ਵਧਣ ਦਾ ਖਤਰਾ ਹੈ, ਬਲਕਿ ਇਹ ਪੀੜ੍ਹੀਆਂ ਲਈ ਫਲਸਤੀਨੀ ਰਵੱਈਏ ਨੂੰ ਹੋਰ ਸਖਤ ਕਰ ਸਕਦਾ ਹੈ। ਇਹ ਇਜ਼ਰਾਈਲ ਲਈ ਕੌਮਾਂਤਰੀ ਸਮਰਥਨ ਨੂੰ ਖਤਮ ਕਰ ਸਕਦਾ ਹੈ, ਇਸ ਦਾ ਇਜ਼ਰਾਈਲ ਦੇ ਦੁਸ਼ਮਣਾਂ ਦੁਆਰਾ ਸ਼ੋਸ਼ਣ ਕੀਤਾ ਜਾ ਸਕਦਾ ਹੈ ਅਤੇ ਖੇਤਰ ‘ਚ ਸ਼ਾਂਤੀ ਅਤੇ ਸਥਿਰਤਾ ਪ੍ਰਾਪਤ ਕਰਨ ਦੀਆਂ ਕੋਸ਼ਿਸ਼ਾਂ ਨੂੰ ਹੋਰ ਕਮਜ਼ੋਰ ਕਰ ਸਕਦਾ ਹੈ।

## ਅਮਰੀਕਾ ਨੇ ਹਮਾਸ ਦੀ ਤੁਲਨਾ ਰੂਸ ਨਾਲ ਕੀਤੀ

ਵਾਸ਼ਿੰਗਟਨ:ਇਜ਼ਰਾਈਲ ਅਤੇ ਫਲਸਤੀਨ ਵਿਚਾਲੇ ਚੱਲ ਰਹੇ ਸੰਘਰਸ਼ ਦੇ ਵਿਚਕਾਰ ਤੇਲ ਅਵੀਵ ਦੇ ਦੌਰੇ ਤੋਂ ਪਰਤੇ ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਨੇ ਰਾਸ਼ਟਰ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਹਮਾਸ ਦੀ ਤੁਲਨਾ ਰੂਸ ਨਾਲ ਕੀਤੀ ਹੈ। ਆਪਣੇ ਬਿਆਨ ਵਿੱਚ ਬਿਡੇਨ ਨੇ ਕਿਹਾ ਕਿ ਹਮਾਸ ਅਤੇ ਪੁਤਿਨ ਦੇ ਦਹਿਸ਼ਤ ਅਤੇ ਅੱਤਿਆਚਾਰ ਵੱਖੋ-ਵੱਖਰੇ ਖ਼ਤਰੇ ਹਨ, ਪਰ ਉਹ ਦੋਵੇਂ ਆਪਣੇ ਗੁਆਂਢੀ ਲੋਕਤੰਤਰ ਨੂੰ ਪੂਰੀ ਤਰ੍ਹਾਂ ਤਬਾਹ ਕਰਨਾ ਚਾਹੁੰਦੇ ਹਨ। ਉਸ ਨੇ ਕਿਹਾ ਕਿ ਜੇਕਰ ਅੰਤਰਰਾਸ਼ਟਰੀ ਸਿਤਾਰਿਆਂ ਵਿਰੁੱਧ ਇਸ ਤਰ੍ਹਾਂ ਦਾ ਹਮਲਾ ਜਾਰੀ ਰਿਹਾ, ਤਾਂ ‘ਸੰਵਾਦ ਅਤੇ ਅਰਾਜਕਤਾ ਦੁਨੀਆ ਦੇ ਹੋਰ ਹਿੱਸਿਆਂ ਵਿੱਚ ਫੈਲ ਸਕਦੀ ਹੈ।’ ਅਮਰੀਕੀ ਰਾਸ਼ਟਰਪਤੀ ਨੇ ਅੱਗੇ ਕਿਹਾ ਕਿ ਉਹ ਉਮੀਦ ਕਰਦੇ ਹਨ ਕਿ ਕਾਂਗਰਸ ਯੂਕਰੇਨ ਅਤੇ ਇਜ਼ਰਾਈਲ ਦੀ ਮਦਦ ਲਈ ਵੱਡੇ ਫੰਡਾਂ ਨੂੰ ਮਨਜ਼ੂਰੀ ਦੇਣ ਲਈ ਕਹਿਣਗੇ। ਉਸਨੇ ਦਲੀਲ ਦਿੱਤੀ ਕਿ ਇਹ ਇੱਕ ਗਲੋਬਲ ਲੀਡਰ ਵਜੋਂ ਸੰਯੁਕਤ ਰਾਜ ਦੇ ਭਵਿੱਖ ਵਿੱਚ ਇੱਕ ਨਿਵੇਸ਼ ਹੈ।

## ਬਹਿਰੀਨ ਵਿੱਚ ਭਾਰਤੀ ਡਾਕਟਰ ਗ੍ਰਿਫਤਾਰ

ਕੁਵੈਤ ਸਿਟੀ: ਹਿੰਦੂਤਵੀ ਮਾਨਸਿਕਤਾ ਭਾਰਤ ਵਿੱਚ ਮੁਸਲਮਾਨਾ ਦਾ ਵਿਰੋਧ ਤਾਂ ਕਰ ਹੀ ਰਹੀ ਹੈ ਪਰ ਇਸਦਾ ਅਸਰ ਦੁਨੀਆ ਭਰ ਵਿੱਚ ਦੇਖਣ ਨੂੰ ਮਿਲ ਰਿਹਾ ਹੈ। ਬਹਿਰੀਨ ਵਿੱਚ ਇੱਕ ਡਾਕਟਰ ਦੀ ਗ੍ਰਿਫਤਾਰੀ ਤੋਂ ਬਾਅਦ ਹੁਣ ਇੱਕ ਭਾਰਤੀ ਨਰਸ ਵੀ ਇਜ਼ਰਾਈਲ ਦੀਆਂ ਵਹਿਸ਼ੀਆਨਾ ਕਾਰਵਾਈਆਂ ਨੂੰ ਸਮਰਥਨ ਦੇਣ ਲਈ ਕੁਵੈਤ ਵਿੱਚ ਸ਼ੱਕ ਦੇ ਘੇਰੇ ਵਿੱਚ ਹੈ। ਇੱਕ ਪਾਸੇ ਇਜਰਾਈਲ ਵੱਲੋਂ ਫਿਲਸਤੀਨੀ ਬੱਚਿਆਂ ਦੀ ਮੌਤ, ਗਾਜ਼ਾ ਵਿੱਚ ਅਲ ਅਹਲੀ ਅਰਬ ਹਸਪਤਾਲ ‘ਤੇ ਬੰਬਾਰੀ ਕੀਤੀ ਜਾ ਰਹੀ ਹੈ ਦੂਸਰੇ ਪਾਸੇ ਭਾਰਤੀ ਡਾਕਟਰ ਇਜਰਾਈਲ ਦੀਆਂ ਇਨਾਂ ਕਾਰਵਾਈਆਂ ਦੀ ਹਮਾਇਤ ਕਰ ਰਿਹਾ ਸੀ। ਕੁਵੈਤੀ ਦੇ ਵਕੀਲ ਅਲੀ ਹਬਾਬ ਅਲ-ਦੁਵੈਖ ਨੇ ਮੁਬਾਰਕ ਅਲ-ਕਬੀਰ ਹਸਪਤਾਲ ਨਾਲ ਕੰਮ ਕਰਨ ਵਾਲੀ ਭਾਰਤੀ ਨਰਸ ਦੇ ਖਿਲਾਫ ਸਰਕਾਰੀ ਵਕੀਲ ਨੂੰ ਰਸਮੀ ਤੌਰ ‘ਤੇ ਸ਼ਿਕਾਇਤ ਸੌਂਪੀ ਹੈ। ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਉਸ ਦੀਆਂ ਕਾਰਵਾਈਆਂ ਨੂੰ ਕੁਵੈਤ ਦੇ ਕਾਨੂੰਨੀ ਨਿਯਮਾਂ ਦੀ ਉਲੰਘਣਾ ਵਜੋਂ ਦੇਖਿਆ ਜਾਂਦਾ ਹੈ। ਬਹਿਰੀਨ ਵਿੱਚ ਇੱਕ ਸੀਨੀਅਰ ਭਾਰਤੀ ਡਾਕਟਰ, ਡਾਕਟਰ ਸੁਨੀਲ ਰਾਓ ਨੂੰ ਸੋਸ਼ਲ ਮੀਡੀਆ ‘ਤੇ “ਫਿਲਸਤੀਨ ਵਿਰੋਧੀ” ਟਿੱਪਣੀਆਂ ਪੋਸਟ ਕਰਨ ਲਈ ਰਾਇਲ ਹਸਪਤਾਲ ਤੋਂ ਗ੍ਰਿਫਤਾਰ ਕਰਨ ਅਤੇ ਬਰਖਾਸਤ ਕੀਤੇ ਜਾਣ ਤੋਂ ਕੁਝ ਦਿਨ ਬਾਅਦ ਆਇਆ ਹੈ।




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

ਦੇਗ ਤੇਗ ਫਤਿਹ

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

ਪੰਥ ਕੀ ਜੀਤ

www.akalisinghgurdwara.ca

27 ਅਕਤੂਬਰ, ਦਿਨ ਸ਼ੁੱਕਰਵਾਰ.........ਸਵੇਰ ਨੂੰ ਅਨੰਦ ਕਾਰਜ ਹੋਵੇਗਾ।
27 ਅਕਤੂਬਰ, ਦਿਨ ਸ਼ੁੱਕਰਵਾਰ.........ਸ਼ਾਮ 3:30 ਵਜੇ ਸਵ. ਬੀਬੀ ਰਾਮ ਪਿਆਰੀ ਪ੍ਰਹਾਰ ਦੀ ਆਤਮਿਕ ਸ਼ਾਂਤੀ ਲਈ ਰਖਾਏ ਗਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
29 ਅਕਤੂਬਰ, ਦਿਨ ਐਤਵਾਰ..........ਸਵੇਰ ਨੂੰ ਲੰਗਰ ਦੀ ਸੇਵਾ ਭਾਈ ਬਲਵਿੰਦਰ ਕੁਲਾਰ ਅਤੇ ਪਰਿਵਾਰ ਵਲੋਂ ਹੋਵੇਗੀ।
29 ਅਕਤੂਬਰ, ਦਿਨ ਐਤਵਾਰ..........ਦੁਪਿਹਰ 12:30 ਵਜੇ ਸਵ. ਭਾਈ ਨਛੱਤਰ ਸਿੰਘ ਕੈਲੇ ਦੀ ਆਤਮਿਕ ਸ਼ਾਂਤੀ ਲਈ ਰਖਾਏ ਗਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
4 ਨਵੰਬਰ, ਦਿਨ ਸ਼ਨਿੱਚਰਵਾਰ..........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਬਲਵਿੰਦਰ ਸਿੰਘ ਸਹੋਤਾ ਅਤੇ ਪਰਿਵਾਰ ਵਲੋਂ ਹੋਵੇਗੀ।
5 ਨਵੰਬਰ, ਦਿਨ ਐਤਵਾਰ..............ਸਵੇਰ ਨੂੰ 8:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
5 ਨਵੰਬਰ, ਦਿਨ ਐਤਵਾਰ..............ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਸੁਰਿੰਦਰ ਸਿੰਘ ਢੱਕ ਅਤੇ ਪਰਿਵਾਰ ਵਲੋਂ ਹੋਵੇਗੀ।
10 ਨਵੰਬਰ, ਦਿਨ ਸ਼ੁੱਕਰਵਾਰ...........ਸਵੇਰ ਨੂੰ ਅਨੰਦ ਕਾਰਜ ਹੋਵੇਗਾ।
10 ਨਵੰਬਰ, ਦਿਨ ਸ਼ੁੱਕਰਵਾਰ...........ਸਵੇਰ ਨੂੰ 10:00 ਵਜੇ ਭਗਤ ਨਾਮ ਦੇਵ ਜੀ ਦੇ ਜਨਮ ਦਿਹਾੜੇ ਦੀ ਖੁਸ਼ੀ ਵਿਚ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 12 ਨਵੰਬਰ ਦਿਨ ਐਤਵਾਰ ਸਵੇਰੇ 9:30 ਵਜੇ ਪਾਏ ਜਾਣਗੇ।
11 ਨਵੰਬਰ, ਦਿਨ ਸ਼ਨਿੱਚਰਵਾਰ.........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਮਲੂਕ ਸਿੰਘ ਬਲਿੰਗ ਅਤੇ ਪਰਿਵਾਰ ਵਲੋਂ ਹੋਵੇਗੀ।
12 ਨਵੰਬਰ, ਦਿਨ ਐਤਵਾਰ.............ਬੰਦੀ ਛੋੜ ਦਿਹਾੜਾ ਹੈ ਸ਼ਾਮ ਨੂੰ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
14 ਨਵੰਬਰ, ਦਿਨ ਮੰਗਲਵਾਰ...........ਸੰਗਰਾਂਦ ਹੈ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ ’ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ : 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ    ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਹਾਦਸੇ ਤੋਂ ਬਾਅਦ ਭਾਰਤੀ ਮੂਲ ਦੇ ਸਿੱਖ ਵਿਅਕਤੀ ਨਾਲ ਕੁੱਟਮਾਰ



ਨਿਊਯਾਰਕ:ਸਿੱਖ ਵਿਅਕਤੀ ਦੀ ਪਿਛਲੇ ਹਫ਼ਤੇ, ਇੱਕ ਵਿਅਕਤੀ ਦੀ ਕਾਰ ਦੀ ਕਾਰ ਨਾਲ ਟੱਕਰ ਹੋਣ ਤੋਂ ਬਾਅਦ, ਉਸ ਵਿਅਕਤੀ ਵੱਲੋਂ ਸਿੱਖ ਵਿਅਕਤੀ ‘ਤੇ ਹਮਲਾ ਕਰ ਦਿੱਤਾ ਗਿਆ ਜਿਸ ਕਾਰਨ ਉਸਦੀ ਮੌਤ ਹੋ ਗਈ।ਮ੍ਰਿਤਕ ਵਿਅਕਤੀ ਦੀ ਪਹਿਚਾਣ ਜਸਮੇਰ ਸਿੰਘ (66) ਵਜੋਂ ਹੋਈ ਹੈ।ਹਮਲੇ ਦੌਰਾਨ ਜਿਸਦੇ ਸਿਰ ‘ਤੇ ਸੱਟ ਲੱਗੀ ਸੀ।ਨਿਊ ਯੂਅਰ ਡੇਲੀ ਨਿਊਜ਼ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈਕਿ ਜਸਮੇਰ ਸਿੰਘ ਅਤੇ ਗਿਲਬਰਟ ਆਗਸਟਿਨ ਦੀਆਂ ਗੱਡੀਆਂ ਵੀਰਵਾਰ ਨੂੰ ਆਪਸ ਵਿਚ ਟਕਰਾ ਗਈਆਂ ਸਨ ਜਿਸ ਕਾਰਨ ਦੋਵਾਂ ਕਾਰਾਂ ਵਿੱਚ ਝਰੀਟਾਂ ਆਈਆਂ ਸਨ। ਇਸ ਦੌਰਾਨ ਦੋਵਾਂ ਵਿਅਕਤੀਆਂ ਵਿਚਕਾਰ ਬਹਿਸ ਹੋਈ, ਉਕਤ ਵਿਅਕਤੀ ਨੇ ਜਸਮੇਰ ਸਿੰਘ ਦਾ ਫੋਨ ਵੀ ਖੋਲਿਆ ਸੀ। ਥੋੜੀ ਦੇਰ ਬਾਅਦ ਜਦੋਂ ਜਸਮੇਰ ਸਿੰਘ ਆਪਣਾ ਫੋਨ, ਆਗਸਟਿਨ ਤੋਂ ਲੈ ਕੇਵਾਪਸ ਆਪਣੀ ਕਾਰ ਵੱਲ ਗਏ ਤਾਂ ਉਕਤ ਵਿਅਕਤੀ ਵੱਲੋਂ ਉਹਨਾਂ ਦੇ ਸਿਰ ਅਤੇ ਚਿਹਰੇ ‘ਤੇ ਤਿੰਨ ਵਾਰ ਮੁੱਕੇ ਮਾਰੇਗਏ।ਰਿਪੋਰਟ ‘ਚ ਕਿਹਾ ਗਿਆ ਹੈ, ‘ਜਸਮੇਰ ਸਿੰਘ ਜ਼ਮੀਨ ‘ਤੇ ਡਿੱਗ ਗਿਆ ਅਤੇ ਉਸ ਦੇਸਿਰ ‘ਤੇ ਸੱਟ ਲੱਗੀ।ਪੁਲਿਸ ਨੇ ਦੱਸਿਆ ਕਿ ਜਸਮੇਰ ਸਿੰਘ ਨੂੰ ਗੰਭੀਰ ਹਾਲਤ ਵਿੱਚ ਸਥਾਨਕ ਹਸਪਤਾਲ ਲਿਜਾਇਆ ਗਿਆ, ਜਿੱਥੇਦਿਮਾਗੀ ਸੱਟ ਕਾਰਨ ਉਸਦੀ ਮੌਤ ਹੋ ਗਈ।ਨਿਊਯਾਰਕ ਸਿਟੀ ਦੇਮੇਅਰ ਐਰਿਕ ਐਡਮਜ਼ ਨੇ ਇਸ ਘਟਨਾ ਦੀ ਨਿੰਦਾ ਕੀਤੀ ਹੈਅਤੇ ਭਾਈਚਾਰੇਦੀ ਰੱਖਿਆ ਕਰਨ ਦੀ ਸਹੁੰ ਖਾਧੀ ਹੈ।


**Full Cleaning Service**

ਦਫਤਰ, ਨਵੇਂ ਪੁਰਾਣੇ ਘਰ ਦੀ ਤਸੱਲੀਬਖਸ਼ ਸਫਾਈ ਕਰਦੇ ਹਾਂ।ਵੀਕਐਂਡ ਅਤੇ ਸ਼ਾਮ ਨੂੰ ਵੀ ਸੇਵਾਵਾਂ ਦਿੰਦੇ ਹਾਂ।

**ਹੋਰ ਜਾਣਕਾਰੀ ਲਈ ਫੋਨ ਕਰੋ**

**604-518-4698**


# ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਹਿਬ ਵੱਲੋਂ 22 ਅਕਤੂਬਰ ਦਿਨ ਐਤਵਾਰ ਨੂੰ ਹਰ ਰੋਜ ਸੇਵਾਵਾਂ ਕਰਨ ਵਾਲੇ ਸੇਵਾਦਾਰਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ



# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

## ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਇਸ ਹਫਤੇ ਦੇ ਪ੍ਰੋਗਰਾਮ



ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਸਾਕਾ ਪੰਜਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਪ੍ਰੋਗਰਾਮ ਹੋਣਗੇ ਅਤੇ ਇਕ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ।ਇਹ ਅਖੰਡਪਾਠ ਸਾਹਿਬ ਭਾਈ ਸਰਬਜੀਤ ਸਿੰਘ ਸਰਾਏ ਅਤੇ ਬੀਬੀ ਸ਼ਰਨਜੀਤ ਕੌਰ ਸਰਾਏ ਪਰਿਵਾਰ ਵੱਲੋਂ ਹੋਣਗੇ ਜਿਹਨਾਂ ਦਾ ਆਰੰਭ 27 ਅਕਤੂਬਰ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਹੋਵੇਗਾ ਅਤੇ ਭੋਗ 29 ਅਕਤੂਬਰ ਦਿਨ ਐਤਵਾਰ ਨੂੰ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਦੀਵਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*27 ਅਕਤੂਬਰ ਦਿਨ ਸ਼ੁੱਕਰਵਾਰ ਬੱਚੀ ਪ੍ਰਭਜੋਤ ਕੌਰ ਅਤੇ ਕਾਕਾ ਕਿਰਨਦੀਪ ਸਿੰਘ ਦੇ ਅਨੰਦਕਾਰਜ ਹੋਣਗੇ।

*28 ਅਕਤੂਬਰ ਦਿਨ ਸ਼ਨਿਚਰਵਾਰ ਨੂੰ 2 ਪਰਿਵਾਰਾਂ ਵੱਲੋਂ ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ:

1. ਭਾਈ ਸਤਬੀਰ ਸਿੰਘ ਰੰਧਾਵਾ ਵੱਲੋਂ ਕਾਕਾ ਜਸਮਾਨ ਸਿੰਘ ਦੇ ਦੂਜੇ ਜਨਮ ਦਿਨ ਦੀ ਖੁਸ਼ੀ ਵਿਚ 2. ਭਾਈ ਗੁਰਦੀਪ ਸਿੰਘ ਪਰਿਵਾਰ ਵੱਲੋਂ

*29 ਅਕਤੂਬਰ ਦਿਨ ਐਤਵਾਰ ਸਵੇਰ ਸਮੇਂ ਕੀਰਤਨ ਅਤੇ ਲੰਗਰਾਂ ਦੀ ਸੇਵਾ ਬੀਬੀ ਨਰਿੰਦਰ ਕੌਰ ਢੱਡਾ ਪਰਿਵਾਰ ਵੱਲੋਂ ਹੋਵੇਗੀ।

*29 ਅਕਤੂਬਰ ਦਿਨ ਐਤਵਾਰ ਸਵ. ਰਾਮਦੇਵ ਸਿੰਘ ਦਾ ਅੰਤਮ ਸੰਸਕਾਰ ਦੁਪਹਿਰ 2 ਵਜੇ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ।ਉਪਰੰਤ ਉਹਨਾਂ ਨਮਿਤ ਗੁਰੂਘਰ ਵਿਖੇ ਰਖਾਏ ਗਏ ਸਹਿਜਪਾਠ ਦੇ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ

1. ਭਾਈ ਬਹਾਦਰ ਸਿੰਘ ਰਾਏ ਪਰਿਵਾਰ 2. ਭਾਈ ਰਵਿੰਦਰ ਸਿੰਘ ਪਰਿਵਾਰ ਵੱਲੋਂ

*1 ਨਵੰਬਰ ਦਿਨ ਬੁੱਧਵਾਰ ਨੂੰ ਬੇਟੀ ਮਨਪ੍ਰੀਤ ਕੌਰ ਦਾ ਅਨੰਦਕਾਰਜ ਹੋਵੇਗਾ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**

**ਫੋਨ:604-590-3232, 604-590-3224**

# ਕੇਰਲਾ ਦੀ ਸਰਕਾਰ ਨੇ ਆਰਐਸਐਸ ਨੂੰ ਹਥਿਆਰਾਂ ਦੀ ਸਿਖਲਾਈ ਲਈ ਮੰਦਰਾਂ ਦੀ ਵਰਤੋਂ ਕਰਨ ਤੋਂ ਰੋਕ ਦਿੱਤਾ

ਨਵੀਂ ਦਿੱਲੀ:ਹਾਈ ਕੋਰਟ ਦੇ ਇੱਕ ਤਾਜ਼ਾ ਫੈਸਲੇ ਤੋਂ ਸੰਕੇਤ ਲੈਂਦੇ ਹੋਏ, ਭਾਰਤ ਦੇ ਕੇਰਲ ਰਾਜ ਵਿੱਚ ਸਰਕਾਰ ਨੇ ਆਰਐਸਐਸ ਅਤੇ ਹੋਰ ਹਿੰਦੂਤਵਾ ਸੰਗਠਨਾਂ ਨੂੰ ਸਰਕਾਰ ਦੁਆਰਾ ਚਲਾਏ ਜਾਂਦੇ ਮੰਦਰਾਂ ਦੇ ਅਹਾਤੇ ਵਿੱਚ ਕੰਮ ਕਰਨ 'ਤੇ ਪਾਬੰਦੀ ਲਗਾ ਦਿੱਤੀ ਹੈ।ਚੇਤੇ ਰਹੇ ਆਰਐਸਐਸ ਅਤੇ ਹੋਰ ਸਮੂਹਾਂ ਨੇ ਬਹੁਤ ਸਾਰੇ ਮੰਦਰਾਂ ਦੇ ਅਹਾਤੇ 'ਤੇ ਕਬਜ਼ਾ ਕਰ ਲਿਆ ਹੈ ਅਤੇ ਉਹ ਮੰਦਰਾਂ ਦੀ ਪਵਿੱਤਰਤਾ ਅਤੇ ਸ਼ਰਧਾਲੂਆਂ ਦੇ ਹਿੱਤਾਂ ਦੇ ਵਿਰੁੱਧ ਕੰਮ ਕਰ ਰਹੇ ਹਨ।ਇਸ ਵਿਚ ਕਿਹਾ ਗਿਆ ਹੈ ਕਿ ਰਾਤ ਦੇ ਸਮੇਂ, ਇਹ ਸੰਗਠਨ ਹਥਿਆਰਾਂ ਦੀ ਸਿਖਲਾਈ ਅਤੇ ਜਨਤਕ ਅਭਿਆਸਾਂ ਦਾ ਆਯੋਜਨ ਕਰ ਰਹੇ ਹਨ।ਸਰਕੂਲਰ ਵਿੱਚ ਕਿਹਾ ਗਿਆ ਹੈ ਕਿ ਮੰਦਰਾਂ ਵਿੱਚ ਆਰਐਸਐਸ ਜਾਂ ਕੱਟੜਪੰਥੀ ਸੰਗਠਨਾਂ ਦੇ ਕੰਮਕਾਜ ਦੇ ਵਿਰੁੱਧ ਕਨੂੰਨ ਨੂੰ ਤੋੜਨ ਵਿੱਚ ਅਸਫਲ ਰਹਿਣ ਵਾਲੇ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਇਕ-ਰੰਗੀ ਝੰਡੇ, "ਜੋ ਕਿ ਕਿਸੇ ਵੀ ਰਾਜਨੀਤਿਕ ਜਾਂ ਧਾਰਮਿਕ ਸੰਗਠਨਾਂ (ਆਰਐਸਐਸ ਦੇ ਨਿਰਦੇਸ਼ ਅਨੁਸਾਰ ਦੇਖੇ ਗਏ) ਨੂੰ ਮੰਦਰ ਦੇ ਅਹਾਤੇ 'ਤੇ ਆਗਿਆ ਨਹੀਂ ਹੈ।


**PUNJABI LANGUAGE CELEBRATION**

**PUNJABI LANGUAGE EDUCATION ASSOCIATION'S (PLEA)**

In partnership with DEEPAK BINNING FOUNDATION and KWANTLEN POLYTECHNIC UNIVERSITY (KPU)

**Saturday, Oct. 28, 2023** Time: **1.00 PM to 4:30 pm**
Kwantlen Polytechnic University, Spruce Building Atrium
12666 - 72nd Ave. Surrey, BC (72nd and 128 St.)

Reports: **PLEA, KPU and Deepak Binning Foundation Representatives.**

**DISCUSSION ABOUT PROMOTING PUNJABI ENROLLMENT IN ELEMENTARY SCHOOLS**

Panel:
**Garry Thind,** Surrey School Board Trustee
**Nimmy Daula,** Delta School Board Trustee
**Raj P. Puri,** District Principal Settlement Services Surrey
**Kiran Toor,** Kids Play Foundation
**Amandeep Chhina,** Surrey School, Department Head of Modern Languages
**Komalpreet Kaur Kooner,** Surrey School Student
**Prabhseeret Aulakh,** University Student

Host: **Gurpreet Kaur Bains,** L A Matheson Secondary School, Department Head of Modern Languages

**Punjabi students will share poetry, songs and stories**

Program Host - **Gurinder Mann and Harmohanjit Pandher**

**PLEA CORDIALLY INVITES EVERYONE**
**FREE PARKING, FREE ADMISSION AND REFRESHMENTS**

*For more information Please contact:*
Balwant Sanghera - 604 - 836 - 8976
Gurinder Mann - 604 - 710 - 9106
Sadhu Binning - 778 - 773 - 1886
Paul Binning - 778 - 889 - 8255
ਪੰਜਾਬੀ ਲੈਂਗੂਏਜ ਐਜੂਕੇਸ਼ਨ ਅਸੋਸੀਏਸ਼ਨ (ਪਲੀ)



**T&S Transportation**
**Hiring Owner Operators & Drivers**



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ
**604-607-0333**



**ATLAS ANIMAL HOSPITAL**

Open 24 Hours 7 Days a Week





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

**Dr. H. Bhullar** & Associates

**Tel: 604-301-0300**

5696 Fraser St, Vancouver, BC, V5W 2Z4
www.atlasvetsinvancouver.com

# ਸਿਹਤ ਸੰਬੰਧੀ



# ਯੀਸਟ ਇਨਫ਼ੈਕਸ਼ਨ ਅਤੇ ਹੋਮਿਓਪੈਥਿਕ ਇਲਾਜ

ਸਰ੍ਹੀ ਵਿੱਚ ਪਿਛਲੇ ਲੰਮੇ ਸਮੇਂ ਤੋਂ ਹੋਮਿਓਪੈਥਿਕ ਪ੍ਰੈਕਟਿਸ ਕਰ ਰਹੇ ਤਜਰਬੇਕਾਰ ਡਾ. ਆਰ. ਐੱਸ. ਸੈਣੀ ਨੇ ਹੁਣ ਐਬਟਸਫ਼ੋਰਡ ਦੇ ਸੀਡਰ ਪਾਰਕ ਪਲੇਸ ਵਿੱਚ ਨਵੀਂ ਲੋਕੇਸ਼ਨ ਖੋਲ੍ਹ ਦਿੱਤੀ ਹੈ। ਲਾਈਫ਼ਕੇਅਰ ਹੋਮਿਓਪੈਥੀ ਨਾਂ ਦੇ ਇਸ ਕਲੀਨਿਕ ਦੀ ਵਾਗਡੋਰ ਡਾ. ਸੈਣੀ ਦੀ ਸਪੁੱਤਰੀ, ਸ਼ਵੇਤਾ ਸੈਣੀ ਸੰਭਾਲਦੇ ਹਨ। ਡਾ. ਸ਼ਵੇਤਾ ਸੈਣੀ ਐੱਮ.ਬੀ.ਬੀ.ਐੱਸ., ਐੱਮ.ਡੀ. (MBBS, MD) ਡਾਕਟਰ ਹਨ ਜਿਨ੍ਹਾਂ ਨੇ ਕੈਨੇਡਾ ਆਉਣ ਤੋਂ ਪਹਿਲਾਂ ਚੰਡੀਗੜ੍ਹ ਦੇ ਮਸ਼ਹੂਰ, ਵੱਡੇ ਹਸਪਤਾਲਾਂ ਵਿੱਚ ਬਤੌਰ ਡਾਕਟਰ ਕੰਮ ਕੀਤਾ ਹੈ। ਉਨ੍ਹਾਂ ਨੇ ਕੈਨੇਡਾ ਵਿੱਚ ਓਨਟਾਰੀਓ ਸੂਬੇ ਤੋਂ ਹੋਮਿਓਪੈਥੀ ਦੀ ਡਿਗਰੀ ਵੀ ਹਾਸਲ ਕੀਤੀ ਹੈ। ਡਾ. ਸ਼ਵੇਤਾ ਨੂੰ ਔਰਤਾਂ ਅਤੇ ਬੱਚਿਆਂ ਦੀਆਂ ਸਿਹਤ ਸਮੱਸਿਆਵਾਂ ਦੇ ਇਲਾਜ ਵਿੱਚ ਵਿਸ਼ੇਸ਼ ਮੁਹਾਰਤ ਹੈ। ਤੁਸੀਂ ਉਨ੍ਹਾਂ ਨੂੰ ਇਸ ਪਤੇ 'ਤੇ ਮਿਲ ਸਕਦੇ ਹੋ: **#1 – 32056 South Fraser Way, Abbotsford. Phone: 604-304-2236**

ਯੀਸਟ, ਜਾਂ ਕੈਨਡਿਡਾ ਐਲਬੀਕੈਨਜ਼, ਉੱਲੀ ਦੀ ਇੱਕ ਕਿਸਮ ਹੁੰਦੀ ਹੈ ਜੋ ਕੋਈ ਸਮੱਸਿਆਵਾਂ ਖੜ੍ਹੇ ਕੀਤੇ ਬਿਨਾ ਸਰੀਰ ਦੇ ਅੰਦਰ ਅਤੇ ਉੱਪਰ ਰਹਿੰਦੀ ਹੈ। ਯੀਸਟ ਇਨਫ਼ੈਕਸ਼ਨਾਂ ਸਾਡੇ ਸਰੀਰ ਅੰਦਰ ਜਾਂ ਉੱਪਰ ਆਮ ਤੌਰ 'ਤੇ ਮੌਜੂਦ ਤੱਤਾਂ ਦੀ "ਲੋੜ ਨਾਲੋਂ ਜ਼ਿਆਦਾ ਪੈਦਾਇਸ਼" ਹੁੰਦੀ ਹੈ। ਜਦੋਂ ਹਾਲਾਤ ਬਦਲਦੇ ਹਨ ਉਦੋਂ ਯੀਸਟ ਵਿੱਚ ਵਾਧਾ ਹੋ ਸਕਦਾ ਹੈ ਅਤੇ ਲੱਛਣ ਉਤਪੰਨ ਹੋ ਸਕਦੇ ਹਨ। ਇਨਫ਼ੈਕਸ਼ਨਾਂ ਪੁਰਸ਼-ਇੰਦਰੀ ਦੇ ਅੰਦਰ ਜਾਂ ਉੱਪਰ, ਯੋਨੀ ਜਾਂ ਅੰਦਰੂਨੀ ਗੁਪਤ ਅੰਗਾਂ ਵਿੱਚ, ਗੁਦਾ ਅਤੇ ਗੁਪਤ ਅੰਗਾਂ ਦੇ ਆਲ਼ੇ-ਦੁਆਲੇ ਹੋ ਸਕਦੇ ਹਨ।

ਯੀਸਟ ਦੇ ਵਾਧੇ ਪਿੱਛੇ ਕਈ ਕਾਰਣ ਹੋ ਸਕਦੇ ਹਨ ਪਰ ਇਮਿਊਨ ਸਿਸਟਮ (ਸਰੀਰ ਦੀ ਬਿਮਾਰੀਆਂ ਨਾਲ ਲੜਣ ਦੀ ਕੁਦਰਤੀ ਪ੍ਰਣਾਲੀ) ਦੀ ਕਮਜ਼ੋਰੀ ਕਾਰਣ ਵੀ ਅਜਿਹਾ ਹੋ ਸਕਦਾ ਹੈ। ਸੰਭੋਗ ਦੌਰਾਨ ਯੀਸਟ ਇੱਕ ਵਿਅਕਤੀ ਤੋਂ ਦੂਜੇ ਵਿੱਚ ਨਹੀਂ ਜਾਂਦੀ ਪਰ ਸੰਭੋਗ ਨਾਲ ਯੋਨੀ/ਅੰਦਰੂਨੀ ਗੁਪਤ ਅੰਗਾਂ ਵਿਚਲੇ ਹਾਲਾਤ ਵਿੱਚ ਤਬਦੀਲੀ ਆ ਸਕਦੀ ਹੈ ਅਤੇ ਯੀਸਟ ਵਿੱਚ ਵਾਧਾ ਹੋ ਸਕਦਾ ਹੈ।

ਜੇ ਤੁਹਾਡੇ ਆਮ ਨਾਲੋਂ ਜ਼ਿਆਦਾ ਯੀਸਟ ਹੋਈ ਹੈ ਤਾਂ ਤੁਹਾਡੇ ਲੱਛਣ ਇਸ ਗੱਲ ਉੱਤੇ ਨਿਰਭਰ ਕਰਨਗੇ ਕਿ ਇਨਫ਼ੈਕਸ਼ਨ ਤੁਹਾਡੇ ਸਰੀਰ ਉੱਪਰ ਕਿੱਥੇ ਹੋਈ ਹੈ। ਆਮ ਲੱਛਣਾਂ ਵਿੱਚ ਹੇਠ ਲਿਖੇ ਲੱਛਣ ਸ਼ਾਮਲ ਹਨ:

- ਯੋਨੀ/ਅੰਦਰੂਨੀ ਗੁਪਤ ਅੰਗ: ਤੁਹਾਨੂੰ ਖਾਜ, ਖ਼ੁਸ਼ਕੀ, ਲਾਲੀ/ਸੋਜਿਸ਼ ਅਤੇ ਦਰਦ ਹੋ ਸਕਦਾ ਹੈ। ਕਈ ਵਾਰੀ ਸੰਭੋਗ ਦੌਰਾਨ ਦਰਦ ਹੋਰ ਵੀ ਬਦਤਰ ਹੋ ਜਾਂਦਾ ਹੈ। ਤੁਹਾਨੂੰ ਵਧੇਰੇ ਰਿਸਾਵ ਵੀ ਹੋ ਸਕਦਾ ਹੈ ਜੋ ਕਿ ਗਾੜ੍ਹਾ ਅਤੇ ਦੇਖਣ ਨੂੰ ਕੌਟੇਜ ਚੀਜ਼ ਵਰਗਾ ਲਗਦਾ ਹੈ।
- ਗੁਪਤ ਅੰਗਾਂ ਦੇ ਆਲ਼ੇ-ਦੁਆਲੇ: ਤੁਹਾਨੂੰ ਧੱਫੜ (ਲਾਲ ਰੰਗ ਦੇ ਉੱਭਰੇ ਦਾਣੇ ਜਾਂ ਫ਼ਿਣਸੀਆਂ) ਹੋ ਸਕਦੇ ਹਨ, ਖਾਜ ਹੋ ਸਕਦੀ ਹੈ ਜਾਂ ਸਫ਼ੇਦ ਰੰਗ ਦਾ ਰਿਸਾਵ ਹੋ ਸਕਦਾ ਹੈ।

ਯੀਸਟ ਇਨਫ਼ੈਕਸ਼ਨ ਦੀ ਰੋਕਥਾਮ ਲਈ ਤੁਸੀਂ ਅਨੇਕਾਂ ਕਾਰਜ ਕਰ ਸਕਦੇ ਹੋ, ਜਿਵੇਂ ਕਿ ਗੁਪਤ ਅੰਗਾਂ ਨੂੰ ਸਾਫ਼ ਕਰਨ ਲਈ ਗੰਧ-ਰਹਿਤ ਸਾਬਣ ਜਾਂ ਕੋਈ ਵੀ ਸਾਬਣ ਬਿਲਕੁਲ ਇਸਤੇਮਾਲ ਨਾ ਕਰੋ, ਸੂਤੀ ਅੰਡਰਵਿਅਰ ਅਤੇ ਖੁੱਲ੍ਹੇ ਕੱਪੜੇ ਪਹਿਨੋ, ਐਂਟੀਬਾਇਓਟਿਕ ਦਵਾਈਆਂ ਦੀ ਲੋੜੋਂ ਵੱਧ ਵਰਤੋਂ ਤੋਂ ਪਰਹੇਜ਼ ਕਰੋ, ਅਜਿਹੀ ਖ਼ੁਰਾਕ ਖਾਓ ਜਿਸ ਵਿੱਚ ਖੰਡ ਦੀ ਮਿਕਦਾਰ ਘੱਟ ਹੋਵੇ। ਆਮ ਤੌਰ 'ਤੇ ਯੀਸਟ ਕਾਰਣ ਸਿਹਤ ਸੰਬੰਧੀ ਕੋਈ ਗੰਭੀਰ ਗੁੰਝਲਾਂ ਨਹੀਂ ਪੈਂਦੀਆਂ ਪਰ ਜੇ ਇਸ ਦਾ ਇਲਾਜ ਨਾ ਕੀਤਾ ਜਾਵੇ ਤਾਂ ਇਹ ਗੰਭੀਰ ਸਮੱਸਿਆ ਬਣ ਸਕਦੀ ਹੈ। ਨਾਲ ਹੀ, ਜੇ ਤੁਹਾਨੂੰ ਬਾਰ-ਬਾਰ ਯੀਸਟ ਇਨਫ਼ੈਕਸ਼ਨ ਹੋਵੇ ਤਾਂ ਤੁਹਾਨੂੰ ਇਸ ਬਾਰੇ ਢੁਕਵੀਂ ਮੈਡੀਕਲ ਸਹਾਇਤਾ ਲੈਣੀ ਚਾਹੀਦੀ ਹੈ। ਹੋਮਿਓਪੈਥੀ ਵਿੱਚ ਯੀਸਟ ਇਨਫ਼ੈਕਸ਼ਨ ਦਾ ਜੜੋਂ ਇਲਾਜ ਕੀਤਾ ਜਾਂਦਾ ਹੈ।

ਤੁਸੀਂ ਆਪਣੀਆਂ ਹੋਰਨਾ ਸਿਹਤ ਸਮੱਸਿਆਵਾਂ ਦੇ ਢੁਕਵੇਂ ਹੋਮਿਓਪੈਥਿਕ ਇਲਾਜ ਲਈ ਵੀ ਸਾਨੂੰ ਮਿਲ ਸਕਦੇ ਹੋ। ਅਸੀਂ ਤੁਹਾਡੀ ਤਕਲੀਫ਼ ਅਤੇ ਤਕਲੀਫ਼ ਕਾਰਣ ਤੁਹਾਡੇ ਜਜ਼ਬਾਤ ਉੱਪਰ ਪੈਂਦੇ ਅਸਰ ਨੂੰ ਪੂਰੀ ਤਰ੍ਹਾਂ ਸਮਝ ਕੇ ਤੁਹਾਡੇ ਲਈ ਦਵਾਈ ਦੀ ਚੋਣ ਕਰਾਂਗੇ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579

## ਗਠੀਏ ਦੇ ਦਰਦ ਤੋਂ ਹਮੇਸ਼ਾਂ ਲਈ ਛੁਟਕਾਰਾ ਦਿਵਾਉਣਗੇ ਇਹ ਘਰੇਲੂ ਨੁਸਖੇ

1. ਪਪੀਤੇ ਦੀ ਚਾਹ ਗਠੀਏ ਰੋਗ 'ਚ ਬਹੁਤ ਹੀ ਲਾਭਕਾਰੀ ਹੁੰਦੀ ਹੈ। ਇਸ ਨੂੰ ਰੋਜ਼ਾਨਾ ਪੀਣ ਨਾਲ ਗਠੀਏ ਦੇ ਦਰਦ ਤੋਂ ਵੀ ਰਾਹਤ ਮਿਲਦੀ ਹੈ ਅਤੇ ਹੱਡੀਆਂ ਵੀ ਮਜ਼ਬੂਤ ਹੁੰਦੀਆਂ ਹਨ।
2. ਗਠੀਆ ਹੋਣ ਤੇ ਹਰ ਰੋਜ 4-5 ਲੋਂਗ ਦੀ ਵਰਤੋਂ ਕਰੋ, ਜਿਸ ਨਾਲ ਜੋੜਾ ਦੇ ਦਰਦ ਨੂੰ ਆਰਾਮ ਮਿਲੇਗਾ।
3. ਗਠੀਏ ਦੀ ਸਮੱਸਿਆ ਦੌਰਾਨ ਦਿਨ 'ਚ 10-12 ਚੈਰੀਆਂ ਖਾਣੀਆਂ ਚਾਹੀਦੀਆਂ ਹਨ। ਇਨ੍ਹਾਂ ਨਾਲ ਸਰੀਰ ਨੂੰ ਕਾਫੀ ਅਰਾਮ ਮਿਲਦਾ ਹੈ।
4. ਇਕ ਚਮਚ ਸ਼ਹਿਦ, 4 ਚਮਚ ਸੇਬ ਦਾ ਸਿਰਕਾ ਅਤੇ ਇਕ ਗਿਲਾਸ ਪਾਣੀ 'ਚ ਮਿਲਾ ਕੇ ਪੀ ਲਓ। ਇਸ ਤਰ੍ਹਾਂ ਕਰਨ ਨਾਲ ਸਾਨੂੰ ਗਠੀਏ ਦੇ ਦਰਦ ਤੋਂ ਆਰਾਮ ਮਿਲੇਗਾ।
5. ਵੱਧ ਤੋਂ ਵੱਧ ਅੰਗੂਰ ਦੀ ਵਰਤੋਂ ਕਰੋ। ਇਸ ਨਾਲ ਸਰੀਰ 'ਚ ਯੂਰਿਕ ਐਸਿਡ ਦਾ ਜ਼ਹਿਰੀਲਾਪਣ ਖਤਮ ਹੋ ਜਾਵੇਗਾ। ਅੰਗੂਰਾਂ 'ਚ ਵਿਟਾਮਿਨ ਵੀ ਹੁੰਦੇ ਹਨ, ਜੋ ਸਰੀਰ ਨੂੰ ਦਰਦ ਤੋਂ ਆਰਾਮ ਦਿੰਦੇ ਹਨ।


ਨਸ਼ਿਆਂ ਤੋਂ ਛੁਟਕਾਰਾ ਪਾਉ

night & day
recovery

**ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।**




***Night and Day Recovery Centre***

**Surrey's Choice Rehabilitation Centre**

**C: 778-855-3172, F: 778-395-4113**

14688-106 Ave. Surrey BC

info@nightanddayrecovery.ca www.nightanddayrecovery.ca






**ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ**

**ਹਾਈ ਕਲਾਸ ਜਿਊਲਰ**

ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

**Step-in and see our exclusive collections of Singapore, India, Pakistan and Custom-made 22K Jewellery**

**OFFICIAL AGENTS OF RADO WATCHES**

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC

**Ph: 604-327-3132**

FAX: 604-327-0335

# ਹਸਗੁੱਲੇ

ਸ਼ਰਾਬੀ (ਦੋਸਤ ਨੂੰ), ਅੱਜ ਉਸ ਵੇਲੇ ਤੱਕ ਪੀਵਾਂਗੇ, ਜਦੋਂ ਤੱਕ ਸਾਹਮਣੇ ਵਾਲੇ ਦਰੱਖਤ 6 ਨਹੀਂ ਨਜ਼ਰ ਆਉਣ ਲੱਗਣ।

ਵੇਟਰ:- ਬੱਸ ਕਰ ਭਰਾਵਾ, ਸਾਹਮਣੇ ਇਕੋ ਦਰੱਖਤ ਹੈ, ਹੁਣ ਕੀ ਜੰਗਲ ਬਣਾਵੇਂਗਾ?

---------

ਸੋਨੂੰ ਨੌਕਰੀ ਲਈ ਇੰਟਰਵਿਊ ਤੇ ਗਿਆ।

ਇੰਟਰਵਿਊ ਕਰਨ ਵਾਲੇ ਨੇ ਸਵਾਲ ਪੁਛਿਆ ਕਿ , ਤੁਸੀਂ ਕਿੰਨਾ ਵੱਡਾ ਖਤਰਾ ਉਠਾ ਸਕਦੇ ਹੋ?

ਸੋਨੂੰ:- ਰੱਬ ਤੋਂ ਅਗਲੇ ਜਨਮ ਵਿੱਚ ਵੀ ਇਹੋ ਪਤਨੀ ਮੰਗੀ ਹੈ।

ਇਸ ਦੇ ਨਾਲ ਹੀ ਸੋਨੂੰ ਨੂੰ ਨੌਕਰੀ ਮਿਲ ਗਈ।

---------

ਪਤੀ, ਤੂੰ ਪੇਕੇ ਜਾਂਦੀ ਏਂ ਤਾਂ ਕਿਹੋ ਜਿਹਾ ਮਹਿਸੂਸ ਕਰਦੀ ਏਂ ?

ਪਤਨੀ:- ਸਾਡੀ ਔਰਤਾਂ ਦੀ ਉਮਰ ਚਾਹੇ 40-50 ਸਾਲ ਦੀ ਕਿਉਂ ਨਾ ਹੋਵੇ, ਪੇਕੇ ਘਰ ਪਰ ਧਰਦਿਆਂ ਹੀ 16-18 ਵਾਲੀ ਉਮਰ ਦੀ ਫੀਲਿੰਗ ਆ ਜਾਂਦੀ ਹੈ। ਤੁਸੀਂ ਦੱਸੋ ਤੁਹਾਨੂੰ ਅਜਿਹੀ ਫੀਲਿੰਗ ਕਦੋਂ ਆਉਂਦੀ ਹੈ ?

ਪਤੀ, ਬਸ ਉਦੋਂ ਹੀ, ਜਦੋਂ ਤੂੰ ਪੇਕੇ ਜਾਂਦੀ ਏਂ।

---------

ਰਾਮੂ ਰੇਡੀਉ ਖਰਾਬ ਹੋ ਗਿਆ। ਜਦੋਂ ਉਸ ਨੇ ਰੇਡੀਉ ਖੋਲ੍ਹ ਕੇ ਦੇਖਿਆ ਤਾਂ ਅੰਦਰ ਚੂਹਾ ਮਰਿਆ ਪਿਆ ਸੀ।

ਉਹ ਤੁਰੰਤ ਬੋਲਿਆ, ਉਹ ਤੇਰੀ !ਚੱਲੇਗਾ ਕਿਵੇਂ ਸਾਲਾ ਸਿੰਗਰ ਹੀ ਮਰ ਗਿਆ।

888

ਸੱਸ ਨੂੰਹ ਨੂੰ ਗੁੱਸੇ ਵਿੱਚ ਬੋਲੀ, ਮੈਂ ਕਿੰਨੀ ਵਾਰ ਕਿਹਾ ਹੈ ਧੀਏ ਕਿ ਬਿੰਦੀ ਲਾ ਕੇ ਬਾਹਰ ਜਾਇਆ ਕਰ।

ਨੂੰਹ, ਪਰ ਮੰਮੀ ਜੀ, ਜੀਨਸ-ਟਾਪ 'ਤੇ ਬਿੰਦੀ ਕੌਣ ਲਾਉਂਦਾ ਹੈ ?

ਸੱਸ ਵੀ ਬੜੀ ਤੇਜ਼ ਸੀ, ਉਹ ਤੁਰੰਤ ਨੇਹਲੇ ਤੇ ਦਹਿਲਾ ਮਾਰ ਕੇ

ਕਦੋਂ ਕਿਹਾ ਜੀਨਸ 'ਤੇ ਲਾ, ਲੈ ਧੀਏ।ਮੱਥੇ 'ਤੇ ਲਾ

---------

ਸਾਧੂ,:-ਬੱਚਾ, ਕੁਝ ਭੇਟਾ ਦਿੰਦਾ ਜਾ, ਤੰਨੂੰ ਸਵਰਗ ਮਿਲੇਗਾ।

ਬੱਚਾ:- ਠੀਕ ਹੈ, ਭੇਟਾ ਵਿੱਚ ਮੈਂ ਤੁਹਾਨੂੰ ਦਿੱਲੀ ਦਿੱਤੀ।

ਸਾਧੂ:- ਦਿੱਲੀ ਕੀ ਤੇਰੀ ਹੈ, ਜੋ ਮੈਨੂੰ ਦੇ ਰਿਹਾ ਏਂ

ਬੱਚਾ,:-ਤਾਂ ਸਵਰਗ ਕੀ ਤੁਹਾਡੇ ਪਿਤਾ ਨੇ ਖਰੀਦਿਆ ਹੋਇਆ ਹੈ, ਜੋ ਤੁਸੀਂ ਉਧਰ ਦੇ ਪਲਾਟ ਇਥੇ ਵੰਡ ਰਹੇ ਹੋ।

---------

ਪੱਪੂ:-ਡਾਕਟਰ ਸਾਹਿਬ ਧੰਨਵਾਦ

ਡਾਕਟਰ:ਤੁਸੀ ਕੌਣ ਹੋ??"

ਪੱਪੂ :-'ਮੈਂ ਸੇਠ ਦੀਨਾਨਾਥ ਦਾ ਬੇਟਾ ਹਾਂ।"

ਡਾਕਟਰ ਹਾ-ਹਾਂ ਯਾਦ ਆਇਆ ਉਹ ਤਾਂ ਸਵਰਗ ਸਿਧਾਰ ਗਏ।

ਮੈਂ ਹੀ ਉਨ੍ਹਾਂ ਦਾ ਇਲਾਜ ਕਰ ਰਿਹਾ ਸੀ।

ਪੱਪੂ:-'ਇਸੇ ਲਈ ਤਾਂ ਤੁਹਾਡਾ ਧੰਨਵਾਦ ਕਰਨ ਆਇਆ ਹਾਂ। ਜਦੋਂ ਤਕ ਉਹ ਜਿਉਂਦੇ ਸਨ ਦਸ-ਦਸ ਰੁਪਏ ਗਿੜਗਿੜਾ ਕੇ ਮੰਗਣ ਨਾਲ ਮਿਲਦੇ ਸਨ। ਤੁਹਾਡੀ ਕ੍ਰਿਪਾ ਨਾਲ ਮੈਨੂੰ ਲੱਖਾਂ ਦੀ ਸੰਪਤੀ ਮਿਲ ਗਈ।

---------

'ਬੇਟੇ ਘਰ ਵਿਚ ਕਾਇਦੇ ਨਾਲ ਰਹਿਣਾ ਚਾਹੀਦਾ ਹੈ।" ਮਾਂ ਨੇ ਬੱਚੇ ਨੂੰ ਕਿਹਾ।

ਬੱਚਾ:-ਜਿਵੇਂ ਡੈਡੀ ਰਹਿੰਦੇ ਹਨ ਅਤੇ ਤੁਹਾਡੀ ਹਰ ਗੱਲ ਮੰਨਦੇ ਹਨ?" ਬੱਚੇ ਨੇ ਪੁੱਛਿਆ।

---------

'ਤੁਹਾਡੇ ਦੇਸ਼ ਵਿਚ ਰਾਜੇ ਦੇ ਪੁੱਤਰ ਨੂੰ 14 ਸਾਲ ਦੀ ਉਮਰ ਵਿਚ ਸਿੰਘਾਸਨ 'ਤੇ ਬੈਠਣ ਦਾ ਅਧਿਕਾਰ ਹੈ ਪਰ 18 ਸਾਲ ਦੀ ਉਮਰ ਤੋਂ ਪਹਿਲਾਂ ਵਿਆਹ ਕਰਨ ਅਧਿਕਾਰ ਨਹੀਂ।ਅਜਿਹਾ ਕਿਉਂ?" ਟੂਰਿਸਟ ਨੇ ਇੱਕ ਰਾਜੇ ਦੀ ਰਿਆਸਤ ਦੇ ਇਕ ਨਾਗਰਿਕ ਤੋਂ ਪੁਛਿਆ।

ਨਾਗਰਿਕ:'ਕਿਉਂਕਿ ਰਾਜ ਨੂੰ ਅਧਿਕਾਰ ਵਿਚ ਰੱਖਣ ਦੇ ਮੁਕਾਬਲੇ ਵਿੱਚ ਇਸਤਰੀ ਨੂੰ ਅਧਿਕਾਰ ਵਿਚ ਰੱਖਣਾ ਜ਼ਿਆਦਾ ਮੁਸ਼ਕਲ ਹੁੰਦਾ ਹੈ।

---------

ਰਾਤ ਦੇ ਦੋ ਵਜੇ ਰਾਜੂ ਨੇ ਡਾਕਟਰ ਦਾ ਦਰਵਾਜ਼ਾ ਖੜਕਾਇਆ।

'ਡਾਕਟਰ ਸਾਹਿਬ ! ਮੇਰੇ ਘਰ ਚੱਲਣਾ ਹੈ ਤੁਸੀਂ।

ਡਾਕਟਰ :-'ਕੀ ਗੱਲ ਹੋ ਗਈ?"

ਰਾਜੂ:'ਮਰੀਜ਼ ਨੂੰ ਦਿਖਾਉਣਾ ਹੈ। ਤੁਹਾਡੀ ਫੀਸ ਕੀ ਹੈ??

ਡਾਕਟਰ:-'ਪੱਚੀ ਰੁਪਏ।

ਰਾਜੂ :-'ਚਲੋ।'

ਡਾਕਟਰ ਆਪਣੀ ਕਾਰ ਵਿਚ ਰਵਾਨਾ ਹੋ ਗਿਆ। ਕੁਝ ਦੇਰ ਬਾਅਦ ਆਦਮੀ ਨੇ ਕਾਰ ਰੁਕਵਾ ਲਈ। ਬੋਲਿਆ-'ਧੰਨਵਾਦ ਡਾਕਟਰ ਸਾਹਿਬ, ਟੈਕਸੀ ਵਾਲੇ ਪੰਜਾਹ ਰੁਪਏ ਮੰਗ ਰਹੇ ਸਨ। ਮੇਰਾ ਘਰ ਪਹੁੰਚਣਾ ਜ਼ਰੂਰੀ ਸੀ।

ਅਤੇ ਰਾਜੂ ਡਾਕਟਰ ਨੂੰ ਪੱਚੀ ਰੁਪਏ ਦੇ ਕੇ ਉਹ ਛੂ ਮੰਤਰ ਹੋ ਗਿਆ।

---------

ਸਾਲੀ ਨੇ ਆਪਣੇ ਜੀਜਾ ਨੂੰ ਸਮਝਾਉਂਦੇ ਹੋਏ ਕਿਹਾ- 'ਜੀਜਾ ਜੀ ! ਤੁਹਾਡਾ ਦੋਸਤ ਜਿਸ ਲੜਕੀ ਨਾਲ ਵਿਆਹ ਕਰਾਉਣਾ ਚਾਹੁੰਦਾ ਹੈ, ਉਹ ਚੰਗੀ ਨਹੀਂ ਹੈ। ਤੁਸੀਂ ਉਸ ਨੂੰ ਸਮਝਾਉਂਦੇ ਕਿਉਂ ਨਹੀਂ?

ਜੀਜੇ ਨੇ ਉੱਤਰ ਦਿੱਤਾ—ਮੈਂ ਕਿਉਂ ਸਮਝਾਵਾਂ.... ਉਸ ਨੇ ਸਮਝਾਇਆ ਸੀ ਮੈਨੂੰ?"

---------

ਪ੍ਰੇਮਿਕਾ-'ਤੁਰਦੇ ਸਮੇਂ ਤੁਹਾਡੀ ਜੁੱਤੀ ਬਹੁਤ ਆਵਾਜ਼ ਕਰਦੀ ਹੈ, ਸ਼ਾਇਦ ਇਹ ਚੋਰੀ ਦੀ ਹੈ।

ਪ੍ਰੇਮੀ-'ਓਹ ਨਹੀਂ, ਇਹ ਗੱਲ ਨਹੀਂ ਹੈ।ਜੇ ਇੰਝ ਹੁੰਦਾ ਤਾਂ ਪੈਂਟ ਅਤੇ ਹੈਟ ਵਿਚੋਂ ਵੀ ਆਵਾਜ਼ ਆਉਂਦੀ।

---------

ਪ੍ਰੇਮਿਕਾ ਨੇ ਬੜੀ ਸ਼ਰਮੋ -ਹਯਾ ਨਾਲ ਆਪਣੇ ਪ੍ਰੇਮੀ ਨੂੰ ਤਾਰ ਦਿੱਤਾ ਪਰ ਲਫਜ਼ ਇਕ ਹੀ ਸੀ, 'ਯੈਸ।

ਕਲਰਕ ਬੋਲਿਆ-ਪੈਸੇ ਤਾਂ ਉਨੇ ਹੀ ਲੱਗਣੇਂ ਹਨ ਦਸ ਸ਼ਬਦ ਹੋਰ ਭੇਜ ਸਕਦੇ ਹੋ।

ਪ੍ਰੇਮਕਾ:-'ਜਾਣਦੀ ਹਾਂ ਪਰ ਦਸ ਵਾਰ 'ਯੈੱਸ ਕਹਿਣ ਨਾਲ ਅਜਿਹਾ ਨਾ ਲਗੇਗਾ ਕਿ ਮੈਂ ਜ਼ਿਆਦਾ ਉਤਸੁਕ ਹਾਂ।' ਪ੍ਰੇਮਿਕਾ ਬੋਲੀ।

---------

"ਕਿਉਂ ਯਾਰ, ਤੂੰ ਸੁਸਤ ਕਿਉਂ ਹੈ?

'ਯਾਰ, ਮੇਰਾ ਸਿਰ ਕਾਫ਼ੀ ਦੁਖ ਰਿਹਾ ਹੈ।

'ਮੇਰਾ ਸਿਰ ਜਦੋਂ ਦੁਖਦਾ ਹੈ ਤਾਂ ਮੇਰੀ ਪ੍ਰੇਮਿਕਾ ਮੇਰਾ ਸਿਰ ਚੁੰਮ ਲੈਂਦੀ ਹੈ। ਬਸ ਇੰਨੀ ਦਿਲ ਨੂੰ ਠੰਡਕ ਮਿਲਦੀ ਹੈ ਕਿ ਦਰਦ ਠੀਕ ਹੋ ਜਾਂਦਾ ਹੈ।

'ਤਾਂ ਭਰਾ ਇਹ ਦੱਸ ਕਿ ਤੇਰੀ ਪ੍ਰੇਮਿਕਾ ਕਦੋਂ ਆਏਗੀ ਜਾਂ ਕਿਥੇ ਮਿਲੇਗੀ?"

---------

ਪ੍ਰੇਮੀ-ਪ੍ਰੇਮਿਕਾ ਨੇ ਸਟੇਸ਼ਨ 'ਤੇ ਪਹੁੰਚ ਕੇ ਜਦੋਂ ਦੇਖਿਆ ਕਿ ਟ੍ਰੇਨ ਪਲੇਟਫਾਰਮ 'ਤੇ ਲੱਗੀ ਹੈ ਤਾਂ ਝਟਪਟ ਟ੍ਰੇਨ ਦੀ ਖਿੜਕੀ 'ਤੇ ਗਏ ਅਤੇ ਵਰਧਮਾਨ ਲਈ ਟਿਕਟ ਦੀ ਫਰਮਾਈਸ਼ ਕੀਤੀ।

ਟਿਕਟ ਕੱਟਣ ਵਾਲੇ ਨੇ ਕਿਹਾ—ਤੁਸੀਂ ਲੋਕ ਇਸ ਗੱਡੀ ਵਿਚ ਨਹੀਂ ਜਾ ਸਕਦੇ, ਇਹ ਮੇਲ ਟ੍ਰੇਨ ਹੈ।

ਪ੍ਰੇਮੀ ਨੇ ਆਪਣੀ ਪ੍ਰੇਮਿਕਾ ਵੱਲ ਦੇਖਿਆ ਤੇ ਕਿਹਾ—ਤਾਂ ਮੈਂ ਇਕੱਲਾ ਹੀ ਇਸ ਗੱਡੀ ਤੇ ਜਾਂਦਾ ਹਾਂ। ਤੂੰ ਬਾਅਦ ਵਿਚ ਫੀਮੇਲ (ਇਸਤਰੀ ਲਿੰਗ) ਗੱਡੀ ਤੋਂ ਆ ਜਾਣਾ!

---------

ਪਤਨੀ-"ਮੈਂ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਨੂੰ ਲਿਖਿਆ ਸੀ, ਮਰਨ ਤੋਂ ਬਾਅਦ ਮੈਂ ਆਪਣਾ ਦਿਮਾਗ਼ ਉਨ੍ਹਾਂ ਨੂੰ ਦੇਣਾ ਚਾਹੁੰਦਾ ਹਾਂ।"

ਪਤੀ-ਉਨ੍ਹਾਂ ਨੇ ਕੀ ਲਿਖਿਆ?"

ਪਤਨੀ—"ਉਨ੍ਹਾਂ ਨੇ ਧੰਨਵਾਦ ਸਹਿਤ ਸਵੀਕਾਰ ਕਰਦੇ ਹੋਏ ਲਿਖਿਆ ਹੈ ਕਿ ਤੁਛ ਤੋਂ ਤੁਛ ਚੀਜ਼ ਦਾ ਵੀ ਦਾਨ ਪ੍ਰਸ਼ੰਸਾਯੋਗ ਹੈ। -ਹੈ!

ਦੇਵਰ—ਕਲ ਮੈਂ ਆਪਣੀ ਪਤਨੀ ਨੂੰ ਬਹੁਤ ਪ੍ਰੇਸ਼ਾਨ ਕੀਤਾ।

ਭਾਬੀ—ਉਹ ਕਿਵੇਂ?

ਦੇਵਰ-ਕਲ ਮੈਂ ਉਸ ਨੂੰ ਨਵੀਂ ਸਾੜੀ ਦਿੱਤੀ ਅਤੇ ਫਿਰ ਘਰ ਦੇ ਸਾਰੇ ਸ਼ੀਸ਼ੇ ਲੁਕਾ ਕੇ ਰੱਖ ਦਿੱਤੇ।

---------

ਰਮੇਸ਼ ਨੇ ਆਪਣੀ ਪਤਨੀ ਆਭਾ ਨੂੰ ਇਕ ਦਿਨ ਅਖ਼ਬਾਰ ਅਤੇ ਇਸਤਰੀ ਦੀ ਮਹੱਤਤਾ ਦੱਸਦੇ ਹੋਏ ਕਿਹਾ-

"ਆਭਾ ! ਸਮਾਚਾਰ ਪੱਤਰ ਅਤੇ ਇਸਤਰੀ ਵਿਚ ਬਹੁਤ ਸਮਾਨਤਾ ਹੈ।

ਦੋਵੇਂ ਹਮੇਸ਼ਾ ਸੁੰਦਰ ਲੱਗਣ ਦੀ ਕੋਸ਼ਿਸ਼ ਕਰਦੀਆਂ ਹਨ, ਇਨ੍ਹਾਂ ਨੂੰ ਤਿਆਰ ਹੋਣ ਵਿਚ ਬਹੁਤ ਸਮਾਂ ਲਗਦਾ ਹੈ, ਇਨ੍ਹਾਂ ਦਾ ਬੋਲ ਅੰਤਿਮ ਹੁੰਦਾ ਹੈ, ਇਨ੍ਹਾਂ ਦਾ ਮੇਲ-ਮਿਲਾਪ ਬਹੁਤ ਹੁੰਦਾ ਹੈ।

ਇਹ ਮੁਕਾਬਲਤਨ ਪਤਲੇ ਰਹਿਣ ਦੀ ਕੋਸ਼ਿਸ਼ ਕਰਦੇ ਹਨ ਅਤੇ ਇਹ ਹਰੇਕ ਪੁਰਸ਼ ਦੇ ਕੋਲ ਆਪਣੀ ਹੀ ਹੋਣੀ ਚਾਹੀਦੀ ਹੈ, ਗੁਆਂਢੀਆਂ ਤੋਂ ਮੰਗੀ ਹੋਈ ਨਹੀਂ।"

---------










# ਸ਼ੋਕ ਸਮਾਚਾਰ

*ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥*



## ਸ੍ਰ: ਨਿਰਮਲ ਸਿੰਘ ਧਾਲੀਵਾਲ

**ਜਨਵਰੀ 3 1953 – ਅਕਤੂਬਰ 21, 2023**

ਆਪ ਜੀ ਨੂੰ ਦੁਖੀ ਹਿਰਦੇ ਨਾਲ਼ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ ਪਿਤਾ ਜੀ ਸਰਦਾਰ ਨਿਰਮਲ ਸਿੰਘ ਧਾਲੀਵਾਲ ਅਕਾਲ ਚਲਾਣਾ ਕਰ ਗਏ ਹਨ। ਉਹਨਾਂ ਦਾ ਪਿਛਲਾ ਪਿੰਡ ਲੱਖਾ, ਜਿਲ੍ਹਾ ਲੁਧਿਆਣਾ ਸੀ ਅਤੇ ਉਹ ਪਿਛਲੇ 17 ਸਾਲ ਤੋਂ ਐਬਟਸਫੋਰਡ, ਕੈਨੇਡਾ ਵਿੱਚ ਰਹਿ ਰਹੇ ਸਨ। ਉਹਨਾਂ ਦੀ ਉਮਰ 70 ਸਾਲ ਸੀ ਅਤੇ ਉਹ ਆਪਣੇ ਪਿੱਛੇ ਆਪਣੀ ਧਰਮ ਪਤਨੀ ਤੋਂ ਇਲਾਵਾ ਹਰਿਆ ਭਰਿਆ ਪਰਿਵਾਰ ਛੱਡ ਗਏ ਹਨ। ਉਹਨਾਂ ਦਾ ਅੰਤਿਮ ਸਸਕਾਰ 29 ਅਕਤੂਬਰ, ਦਿਨ ਐਤਵਾਰ ਨੂੰ ਫਰੇਜ਼ਰ ਰਿਵਰ ਕ੍ਰਿਮੇਟੋਰੀਅਮ ਵਿਖੇ ਦੁਪਹਿਰ 12 ਵਜੇ ਹੋਵੇਗਾ । ਇਸ ਉਪਰੰਤ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ, ਸਾਊਥ ਫਰੇਜ਼ਰ ਵੇਅ, ਐਬਟਸਫੋਰਡ ਵਿਖੇ ਬਾਅਦ ਦੁਪਹਿਰ 2 ਵਜੇ ਹੋਵੇਗੀ।

### ਅੰਤਿਮ ਸਸਕਾਰ

**29 ਅਕਤੂਬਰ, 2023**
**ਐਤਵਾਰ, 12:00 ਵਜੇ ਦੁਪਹਿਰ**
**Fraser River Funeral Home**
2061 Riverside Rd,
Abbotsford, BC V2S 6A5

### ਅੰਤਿਮ ਅਰਦਾਸ

**29 ਅਕਤੂਬਰ, 2023**
**ਐਤਵਾਰ, 2:00 ਵਜੇ ਦੁਪਹਿਰ**
**Khalsa Diwan Society**
33094 South Fraser Way,
Abbotsford, BC V2S 2A8

ਪਰਿਵਾਰ ਨਾਲ਼ ਦੁੱਖ ਸਾਂਝਾ ਕਰਨ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ:
ਹਰਤੇਜ ਸਿੰਘ ਧਾਲੀਵਾਲ (ਸਪੁੱਤਰ): (778) 240-9991
ਰਜਿੰਦਰ ਸਿੰਘ ਧਾਲੀਵਾਲ (ਸਪੁੱਤਰ): (604) 615-7642

# ਕਾਵਿ ਕਿਆਰੀ

## ਹੱਥਕੜੀਆਂ ਜ਼ੰਜੀਰਾਂ

ਹੱਥਕੜੀਆਂ ਜ਼ੰਜੀਰਾਂ ਵਿੱਚ,
ਹਰ ਤਰ੍ਹਾਂ ਨਾਲ਼ 'ਤੇ ਹਰ ਪਾਸੋਂ।
ਆਜ਼ਾਦ ਮਨੁੱਖਤਾ ਕੈਦੀ ਹੈ,
ਆਪਣੀਆਂ ਹੀ ਕਰਤੂਤਾਂ ਤੋਂ।
ਕਿਉਂ ਕੌਣ ਕਿਸੇ ਨੂੰ ਕੈਦ ਕਰੇ,
ਜੇ ਫ਼ਰਜ਼ ਕੋਈ ਪਛਾਣ ਲਵੇ,
ਜੀਓ 'ਤੇ ਹੋਰਾਂ ਨੂੰ ਜੀਵਣ ਦੇ,
ਜੇ ਫਲਸਫੇ ਨੂੰ ਕੋਈ ਮਾਣ ਦਵੇ।
ਅੰਧੇਰ ਨਗਰੀ ਨੇ ਹਰ ਪਾਸੇ,
ਕੱਸਿਆ ਐਸਾ ਸ਼ਿਕੰਜਾ ਹੈ,
ਮਨੁੱਖ ਦੀਆ ਹਰਕਤਾਂ ਦੇਖ ਦੇਖ,
ਦਰਿੰਦਾ ਵੀ ਸ਼ਰਮਿੰਦਾ ਹੈ।
ਖ਼ੁਦੀ ਦੇ ਬੇੜੇ ਤੇ ਚੜ੍ਹ ਕੇ,
ਇਹ ਚੱਪੂ ਆਪਣਾ ਗਵਾ ਬੈਠਾ,
ਮੰਝਧਾਰ ਚ ਫਸ ਹੁਣ ਰੋਂਦਾ ਹੈ,
ਅਤੇ ਡੁੱਬਣ ਕੰਢੇ ਆ ਬੈਠਾ।
ਚਤਰਾਈਆਂ ਕਰਨੋਂ ਝਕਦਾ ਨਹੀਂ,
ਭਾਵੇਂ ਮੂੰਹ ਦੀ ਖਾਣੀ ਪੈ ਜਾਵੇ,
ਦੂਜੇ ਦੇ ਮਹਿਲ ਗਿਰਾਵਣ ਲਈ,
ਭਾਵੇਂ ਅਪਣੀ ਕੁੱਲੀ ਢਹਿ ਜਾਵੇ।
ਹੋਰਾਂ ਦੀ ਗੱਲ ਤਾਂ ਦੂਰ ਰਹੀ,
ਰੱਬ ਨੂੰ ਵੀ ਠੁੱਠ ਵਿਖਾਉਂਦਾ ਹੈ,
ਵੇਚੇ ਰੱਬ ਨੂੰ ਹਰ ਥਾਂ 'ਤੇ,
ਅਤੇ ਮਰਜ਼ੀ ਦੀ ਕੀਮਤ ਲਾਉਂਦਾ ਹੈ।
ਅਸੂਲ, ਕਾਨੂੰਨ ਕੋਈ ਚੀਜ਼ ਨਹੀਂ,
ਕਲਯੁੱਗੀ ਕਾਲ਼ੇ ਯੁਗ ਅੰਦਰ,
ਹਰ ਢੋਂਗ ਤਮਾਸ਼ਾ ਚੱਲਦਾ ਹੈ,
ਗੁਰਦਵਾਰੇ, ਮਸੀਤ ਜਾਂ ਵਿੱਚ ਮੰਦਰ।
ਢੀਠਾਂ ਅੰਦਰ ਢੀਠ ਜਾਤ,
ਢੀਠਾ ਹੈ ਬੱਸ ਅਸਲੋਂ ਢੀਠ,
ਬਾਂਹ ਉਲਾਰ ਕੇ ਕਹਿੰਦਾ ਹੈ,
ਹੈ ਕੋਈ ਕਰੇ ਜੋ ਮੇਰੀ ਰੀਸ?
ਉਹ ਦਿਨ ਬਹੁਤੇ ਹੁਣ ਦੂਰ ਨਹੀਂ,
ਜਦੋਂ ਖੇਲ੍ਹ ਉਲਟਾ ਪੈ ਜਾਵੇਗਾ,
ਦੂਰ ਦੂਰ ਤੱਕ ਦੇਖਣ ਲਈ,
ਕੋਈ ਟਾਵਾਂ ਮਨੁੱਖ ਰਹਿ ਜਾਵੇਗਾ।



**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ ਕੇ**

## ਦੁਸਹਿਰਾ ਯੁੱਧ ਦਾ ਆਖ਼ਰੀ ਦਿਨ ਨਹੀਂ ਹੁੰਦਾ



ਦੁਸਹਿਰਾ ਯੁੱਧ ਦਾ
ਆਖ਼ਰੀ ਦਿਨ ਨਹੀਂ ਹੁੰਦਾ
ਦਸਵਾਂ ਦਿਨ ਹੁੰਦਾ ਹੈ।
ਯੁੱਧ ਤਾਂ ਜਾਰੀ ਰੱਖਣਾ ਪੈਂਦਾ ਹੈ।
ਸਭ ਤੋਂ ਪਹਿਲਾਂ ਆਪਣੇ ਖ਼ਿਲਾਫ਼
ਜਿਸ ‘ਚ ਸਦੀਆਂ ਤੋਂ
ਰਾਵਣ ਡੇਰਾ ਲਾਈ ਬੈਠਾ ਹੈ।

ਤ੍ਰਿਸ਼ਨਾ ਦਾ ਸੋਨ ਮਿਰਗ
ਛੱਡ ਦੇਂਦਾ ਹੈ ਰੋਜ਼ ਸਵੇਰੇ
ਸਾਨੂੰ ਛਲਾਵੇ ਚ ਲੈਂਦਾ ਹੈ।
ਸਾਦਗੀ ਦੀ ਸੀਤਾ ਮੱਈਆ
ਰੋਜ਼ ਛਲਦਾ ਹੈ
ਫਿਰ ਵੀ ਧਰਮੀ ਅਖਵਾਉਂਦਾ ਹੈ।

ਸੋਨੇ ਦੀ ਲੰਕਾ ਵਿੱਚ ਵੱਸਦਿਆਂ
ਉਹ ਜਾਣ ਗਿਆ ਹੈ ਕੂਟਨੀਤੀ।
ਹਰ ਬੰਦੇ ਦਾ ਮੁੱਲ ਪਾਉਂਦਾ ਹੈ।
ਆਪਣੇ ਦਰਬਾਰ ਚ ਨਚਾਉਂਦਾ ਹੈ।
ਔਕਾਤ ਮੁਤਾਬਕ
ਕਦੇ ਕਿਸੇ ਨੂੰ, ਕਦੇ ਕਿਸੇ ਨੂੰ
ਬਾਂਦਰ ਬਣਾਉਂਦਾ ਹੈ
ਬਰਾਬਰ ਦੀ ਕੁਰਸੀ ਤੇ ਬਿਠਾਉਂਦਾ ਹੈ।
ਭਰਮ ਪਾਉਂਦਾ ਹੈ।

ਕਾਨਿਆਂ ਦੇ ਤੀਰਾਂ ਨਾਲ
ਕਿੱਥੇ ਮਰਦਾ ਹੈ ਰਾਵਣ?
ਜ਼ੈੱਡ ਪਲੱਸ ਸੁਰੱਖਿਆ ਛਤਰੀਧਾਰੀ।
ਅਵਾ ਤਵਾ ਬੋਲਦਾ ਹੈ
ਘਰ ਨਹੀਂ ਵੇਖਦਾ,
ਬਾਹਰ ਨਹੀਂ ਵੇਖਦਾ
ਅਗਨ ਅੰਗਿਆਰੇ ਮੂੰਹੋਂ ਕੱਢਦਾ
ਸਾਡੇ ਪੁੱਤਰਾਂ ਧੀਆਂ ਨੂੰ
ਯੁੱਧ ਲਈ ਬਾਲਣ ਦੀ ਥਾਂ ਵਰਤਦਾ।
ਦੁਸਹਿਰਾ ਯੁੱਧ ਦਾ ਆਖਰੀ ਦਿਨ ਨਹੀਂ
ਦਸਵਾਂ ਦਿਨ ਹੁੰਦਾ ਹੈ।


ਰਾਵਣ ਨੂੰ ਤਿੰਨ ਸੌ ਪੈਂਠ ਦਿਨਾਂ ਵਿੱਚੋਂ
ਸਿਰਫ਼ ਦਸ ਦਿਨ ਹੀ
ਦੁਸ਼ਮਣ ਨਾ ਸਮਝਣਾ
ਪਲ ਪਲ ਜਾਨਣਾ ਤੇ ਪਛਾਨਣਾ ਹੈ।
ਕਿਵੇਂ ਚੂਸ ਜਾਂਦਾ ਹੈ ਸਾਡੀ ਰੱਤ
ਸੁੱਤਿਆਂ ਸੁੱਤਿਆਂ।
ਖ਼ੋਰ ਕੇ ਪੀ ਜਾਂਦਾ ਹੈ
ਸਾਡਾ ਸ੍ਵੈਮਾਣ ਅਣਖ਼ ਤੇ
ਹੋਰ ਬਹੁਤ ਕੁਝ।

ਆਰੀਆ ਦਰਾਵੜਾਂ ਨੂੰ
ਧੜਿਆਂ ਚ ਵੰਡ ਕੇ
ਆਪਣੀ ਪੁਗਾਉਂਦਾ ਹੈ।
ਯੁੱਧ ਵਾਲੇ ਨੁਕਤੇ ਵੀ
ਐਸੇ ਸਮਝਾਉਂਦਾ ਹੈ।
ਬਾਤਨ ਕਾ ਬਾਦਸ਼ਾਹ
ਪੱਲੇ ਕੱਖ ਨਾ ਪਾਉਂਦਾ ਹੈ।
ਰਾਖਾ ਬਣ ਕੇ ਜੇਬਾਂ ਫ਼ਰੋਲਦਾ ਹੈ।
ਵਤਨਪ੍ਰਸਤੀ ਦੇ ਭਰਮ ਜਾਲ ਵਿੱਚ
ਭੋਲੀਆਂ ਮੱਛੀਆਂ ਫਸਾਉਂਦਾ ਹੈ
ਤਰਜ਼ ਤਾਂ ਕੋਈ ਹੋਰ ਬਣਾਉਂਦਾ ਹੈ
ਪਰ ਆਪਣੀ ਧੁਨ ਦਾ ਬਹੁਤ ਪੱਕੈ
ਹਰ ਵੇਲੇ ਇੱਕੋ ਗੀਤ ਅਲਾਪਦਾ
ਕੁਰਸੀ ਰਾਗ ਗਾਉਂਦਾ ਹੈ।

ਪੂਰਾ ਸੰਧੀਰਾਮ ਹੈ
ਭਗਵਾਨ ਨੂੰ ਵੀ
ਗੱਲੀਂ ਬਾਤੀਂ ਭਰਮਾਉਂਦਾ ਹੈ।
ਐਸਾ ਉਲਝਾਉਂਦਾ ਹੈ
ਪੱਥਰ ਬਣਾ ਕੇ ਉਹਨੂੰ
ਮੂਰਤੀ ਸਜਾਉਂਦਾ ਹੈ।
ਬਗਲਾ ਭਗਤ ਪੂਰਾ
ਮਨਚਾਹਿਆ ਪਾਉਂਦਾ ਹੈ।
ਦੁਸਹਿਰਾ ਯੁੱਧ ਦਾ ਆਖਰੀ ਨਹੀਂ
ਦਸਵਾਂ ਦਿਨ ਹੁੰਦਾ ਹੈ।

**ਗੁਰਭਜਨ ਗਿੱਲ**


GARCHA Plumbing
Heating & Repair Ltd.



15 Yrs Experience

ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber

ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha
604-306-3276
Big Or Small, We Do It All



SINGH THIND & ASSOCIATES
#208, 7110 120 Street, Surrey, BC

“ਆਪਣੇ ਭਾਈਚਾਰੇ ਦਾ ਮਾਣ”


*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ

Civil Litigation
*Contract Disputes
*Construction Disputes
*Debt Collection
*Business Disputes
*Builders Lien

Divorce Cases

Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution

Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits




604.543.3886

SINGH THIND & ASSOCIATES
BARRISTERS & SOLICITORS

# FRASERVIEW MEATS

Fresh tastes better

*The Name of Guaranteed Quality Meats*





*Number One Quality Meat in Lower Mainland*

We also sell cooked chicken
We take orders for all occassion

Serving You Since 1993

Try our Special Chicken Tikkar



Jagir S. Nagra

**604-592-2900**

#102-12047-80th Ave. Surrey (Besides Mega Fruticana)
www.fraserviewmeats.com

# Rai Express Lines Ltd.



## Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

**Call today 604-503-6900**

Email-kal@raiexpresslines.com www. raiexpressline.com

Unit 125-7475 135th Street, BC V3W 0M8

ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

# ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ




ਬੈਂਕੁਇਟ ਹਾਲ
150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਊ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

**778-928-4522, 778-565-4141, 778-565-3232**


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT $1550
2 PCS SOFA & LOVE SEAT $1550
2 PCS SOFA & LOVE SEAT $1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# .Ck Auto.

## CK AUTO SERVICES LTD.




ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ

ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

SALE

BUY 4 TIRES & GET
ALIGNMENT AT 1/2 PRICE
FLAT TYRE REPAIR FREE




40% off

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

**Clearance Sale** *Limited Quantity

On All Seasons & Winter Tires
(Auplus & Comforser)

**215/70R16**
COMFORSER
Reg: ~~$155.00~~
Now : $70.00



**235/65R17**
COMFORSER
Reg: ~~$220.00~~
Now : $95.00



**245/65R17**
COMFORSER
Reg: ~~$240.00~~
Now : $100.00




**215/70R15**
GOOD YEAR INTEGRITY
Reg: ~~$120.00~~
Now : $90.00



SALE

**Comforser**
Size: 205/60/16
Reg Price: ~~$110~~
Sale Price : $55



**Auplus**
Size: 205/60/16
Reg Price: ~~$125~~
Sale Price : $65

Cell: 778-322-1610, Tel: 604-592-2667 #106-13112-84th Ave.,Surrey



ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ
(India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI
CATERING

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ
ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

## ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: **Off:206-517-4444, Cell:206-771-5079**

6417 Roosevelt Way NE #105, Seattle WA 98115 Email:sardarjicatering@gmail.com